# ਝੱਲੀ ਦਾ ਝੱਲ

## ਡਾ. ਮਨਜ਼ੂਰ ਏਜਾਜ਼

ਸੰਪਾਦਨ
ਰਵਿੰਦਰ ਸਹਿਰਾਅ



ਉਹ ਬੁਨਿਆਦੀ ਤੌਰ 'ਤੇ ਦਾਰਸ਼ਨਿਕ ਹਨ। ਪੰਜਾਬ ਦੇ ਇਤਿਹਾਸ, ਬਾਬਾ ਨਾਨਕ, ਵਾਰਿਸ ਸ਼ਾਹ, ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਜਿਹੇ ਸੂਫ਼ੀ ਅਤੇ ਵਿਰਾਸਤੀ ਸ਼ਾਇਰਾਂ ਬਾਰੇ ਉਨ੍ਹਾਂ ਨੇ ਨਵੀਆਂ ਪਰਤਾਂ ਖੋਲ੍ਹੀਆਂ। ਖੱਬੇ ਪੱਖੀ ਤਹਿਰੀਕ 'ਚ ਕੰਮ ਕਰਦਿਆਂ ਉਨ੍ਹਾਂ ਜਾਣਿਆਂ ਕਿ ਸਾਨੂੰ ਸਾਡੇ ਵਿਰਾਸਤੀ ਸ਼ਾਇਰਾਂ, ਚਿੰਤਕਾਂ ਨੂੰ ਸਮਝੇ ਬਿਨਾਂ ਅੱਗੇ ਨਹੀਂ ਵਧਿਆ ਜਾ ਸਕਦਾ।

ਉਸਦੀਆਂ ਨਜ਼ਮਾਂ ਉਚੇਚ ਕਰਕੇ ਨਹੀਂ ਲਿਖੀਆਂ ਗਈਆਂ ਸਗੋਂ ਸਹਿਜ ਸੁਭਾਅ ਹੀ ਲਿਖੀਆਂ ਜਾਪਦੀਆਂ ਹਨ। ਨਜ਼ਮ ਭਾਂਡੇ ਦੇਖੋ:-

ਭਾਂਡੇ ਪਏ ਪਰਛੱਤੀਆਂ ਉੱਪਰ
ਦਾਜ 'ਚ ਆਂਦੇ ਦਾਜ 'ਚ ਜਾਂਦੇ
ਖੱਟ ਵਿਚ ਬਹਿ ਨਿਕਾਹ ਪੜ੍ਹਾਂਦੇ
ਘਰ ਦਾ ਵੱਡਾ ਮਾਣ ਵਧਾਂਦਿਆਂ
ਬੁੱਢੜ ਹੋ ਗਏ।

**ਰਵਿੰਦਰ ਸਹਿਰਾਅ**

ਡਾ. ਮਨਜ਼ੂਰ ਏਜਾਜ਼ ਨੂੰ ਪੜ੍ਹਦਿਆਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਸ਼ਾਇਰ ਸਾਨੂੰ ਤਾਰੀਖ਼ (ਇਤਿਹਾਸ) ਦੇ ਰੂਬਰੂ ਕਰਵਾ ਰਿਹਾ ਹੋਵੇ। ਪੰਜਾਬ ਦੇ ਲੋਕ ਇਤਿਹਾਸ ਵਰਗੀ ਸ਼ਾਹਕਾਰ ਕਿਤਾਬ ਲਿਖ ਕੇ ਡਾ. ਮਨਜ਼ੂਰ ਏਜਾਜ਼ ਨੇ ਪੰਜਾਬੀ ਪਾਠਕਾਂ ਵਿਚ ਚਿਰ ਸਦੀਵੀ ਥਾਂ ਬਣਾ ਲਈ ਹੈ। ਬੁੱਲ੍ਹੇ ਸ਼ਾਹ ਦੀ ਵਿਆਖਿਆ ਕਰਦਿਆਂ ਸੱਚਮੁੱਚ ਤਿੰਨ ਸਦੀਆਂ ਪਹਿਲਾਂ ਦੇ ਵਰਤਾਰੇ ਬਾਰੇ ਤਫਸੀਲ ਪੇਸ਼ ਕਰਦਾ ਹੈ।

ਡਾ. ਮਨਜ਼ੂਰ ਏਜਾਜ਼ ਦੀਆਂ ਨਜ਼ਮਾਂ ਨੂੰ ਪੜ੍ਹਨਾ, ਜਾਨਣਾ ਆਪਣੇ ਆਪੇ ਨੂੰ ਜਾਨਣ-ਸਮਝਣ ਅਤੇ ਆਪਣੇ ਆਪੇ ਦਾ ਵਿਸਥਾਰ ਕਰਨ ਵਾਂਗ ਹੈ। ਉਹ ਸਾਡੇ ਸਮਿਆਂ ਦਾ ਹਾਸਿਲ ਹੈ।

-ਸਤੀਸ਼ ਗੁਲਾਟੀ



**ਡਾ. ਮਨਜ਼ੂਰ ਏਜਾਜ਼**



**ਰਵਿੰਦਰ ਸਹਿਰਾਅ**

A Group of
**Chetna Parkashan**
Ludhiana | Kotkapura | Canada | USA

ISBN 81-19901-67-3

*Jhalli Da Jhall*
₹ 199/-

# ਝੱਲੀ ਦਾ ਝੱਲ

https://www.apnaorg.com

## ਡਾ. ਮਨਜ਼ੂਰ ਇਜਾਜ਼ ਦੀਆਂ ਹੋਰ ਕਿਤਾਬਾਂ:-

1. ਪੰਜਾਬ ਦੀ ਲੋਕ ਤਾਰੀਖ਼
2. ਵਾਰਿਸਨਾਮਾ (5 ਜਿਲਦਾਂ)
3. ਬੁੱਲ੍ਹਾਨਾਮਾ
4. ਇਨਕਲਾਬ ਜੋ ਆ ਚੁੱਕਾ ਹੈ
5. ਜਿੰਦੜੀਏ: ਤਣ ਦੇਸਾਂ ਤੇਰਾ ਤਾਣਾ (ਸ੍ਵੈ-ਜੀਵਨੀ)
6. ਵਾਰਿਸ ਸ਼ਾਹ ਦੀ ਮੁੱਢਲੀ ਵਿਚਾਰਧਾਰਾ ਤੇ ਪੰਜਾਬੀ ਗੀਤ
7. ਗ਼ਾਲਿਬਨਾਮਾ
8. ਫ਼ਲਸਫ਼ੇ ਦੀ ਤਾਰੀਖ਼
9. ਵੱਡੀ ਜਗਤ ਸ਼ਾਇਰੀ
10. ਪੰਜਾਬ ਦਾ ਲੋਕ ਇਤਿਹਾਸ
11. ਬੁੱਲ੍ਹਾਨਾਮਾ

https://www.apnaorg.com

# ਝੱਲੀ ਦਾ ਝੱਲ

(ਨਜ਼ਮਾਂ/ਗ਼ਜ਼ਲਾਂ)

ਲੇਖਕ

**ਡਾ. ਮਨਜ਼ੂਰ ਏਜਾਜ਼**

ਸੰਪਾਦਨ

**ਰਵਿੰਦਰ ਸਹਿਰਾਅ**

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

https://www.apnaorg.com

*Jhalli Da Jhall*

*Panjabi Poems by*

**Manzoor Ejaz ©**

*Edited By*

**Ravinder Sahraa**

M. ~~717-575-7529~~ 219-900-1115

**ISBN : 978-81-19901-67-8**

**Rs. 199 /-**

**2024**

*Printed and Bound In India*

Published by

A Group of

**Chetna Parkashan**

PUNJABI BHAWAN, LUDHIANA - 141001 (Pb.) INDIA

KOTKAPURA | CANADA | USA

**Gulati Publishers Ltd**

# 111, 8312-128 Street Surrey B.C. - V3W4G2

CANADA Ph : +1 604-750-0189

Ph. 0161-2413613, 2404928, (M) 98152-98459, 98762-07774

Ph.: 95011-45039

Website: www.chetnaparkashan.com

E-mail: chetnaparkashan@gmail.com, gulatipublishersltd@gmail.com

Printer : R.K. Offset, Delhi

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

follow us on : www.facebook.com/ChetnaParkashan

**Follow us on : Instagram / Chetna_Parkashan**

https://www.apnaorg.com

## ਸਮਰਪਣ

ਝੱਲੀਆਂ ਦੇ
ਨਾਂ

https://www.apnaorg.com

https://www.apnaorg.com

# ਤਤਕਰਾ


ਮਨਜ਼ੂਰ ਏਜਾਜ਼ : ਝੱਲੀ ਦਾ ਝੱਲ ਰਵਿੰਦਰ ਸਹਿਰਾਅ 9
ਡਾ. ਮਨਜ਼ੂਰ ਏਜਾਜ਼ ਨੂੰ ਪੜ੍ਹਦਿਆਂ ਸਤੀਸ਼ ਗੁਲਾਟੀ 12
ਜੰਗ .................................... 17
ਮਨਜ਼ੂਰ ਇਜਾਜ਼ .................................... 18
ਲੁਕਣ-ਮੀਟੀ .................................... 19
ਹੁੱਸੜ .................................... 20
ਧਮੂੜੀ .................................... 21
ਝੇੜੇ .................................... 22
ਮੰਗਤੇ .................................... 23
ਲਿਖਤਾਂ .................................... 25
ਨਾ ਝਨਾ ਨਾ ਥਲ ਸੀ .................................... 27
ਆਪਣੇ ਘਰ ਵਿਚ .................................... 28
ਚੂੜੇ ਕੱਜੇ ਚੂੜਿਆਂ ਵਾਲੀਆਂ .................................... 29
ਮੈਂ ਕਦ ਜਿੱਤਿਆ .................................... 30
ਤੂੰ ਜੋ ਅੰਮ੍ਰਿਤ ਜਾਣ ਕੇ ਦਿੱਤੈ .................................... 31
ਰਾਗੀ .................................... 32
ਝੱਲੀ ਦਾ ਝੱਲ .................................... 33
ਉਸਤਾਦ ਗ਼ੁਲਾਮ ਅਲੀ ਖ਼ਾਨ ਦੇ ਨਾਂਅ .................................... 35
ਰੱਪੜ .................................... 36
ਕਪੂਰੀ ਰਿਓੜੀ ਕਿਉਂ ਕਰ ਲੜੇ .................................... 38
ਭਾਂਡੇ .................................... 39


https://www.apnaorg.com

| | | |
|---|---|---|
| ਪਰਦੇਸ | ...................................... | 40 |
| ਅਧੂਰੀ | ...................................... | 42 |
| ਗੂੰਗੀ ਸ਼ਾਇਰੀ | ...................................... | 44 |
| ਜਿਸ ਸਿਆਹੀ ਤੂੰ ਲਿਖਿਆ ਹੈ | ...................................... | 47 |
| ਜਾਣਾ ਤਾਂ ਪਿਆ ਇਕੱਲੇ | ...................................... | 49 |
| ਮੌਤ ਦਾ ਡਰ | ...................................... | 53 |
| ਸਿਰਜਣਾ | ...................................... | 55 |
| ਬੜਕ | ...................................... | 57 |
| ਖ਼ਿਆਲ | ...................................... | 59 |
| ਰਹਿੰਦੀ ਰਾਤ ਨੂੰ ਸੰਨ੍ਹ ਲਾਵਣ ਦੇ | ...................................... | 61 |
| ਸਦਾਈਂ ਝੱਲਾ | ...................................... | 62 |
| ਡਰ | ...................................... | 63 |
| ਕਰੋਨਾ ਵਾਇਰਸ | ...................................... | 64 |
| ਮੈਂ ਤੇ ਉਹ | ...................................... | 65 |
| ਅੱਲਾ ਵਾਲੀ | ...................................... | 66 |
| ਮਾਕੂਲਾ ਸ਼ਾਇਰ | ...................................... | 67 |
| ਦਿਲ ਦੀ ਬੁੱਕਲ ਮਾਰ ਕੇ | ...................................... | 68 |
| ਮੋਟਾ ਚੰਮ ਗ਼ਰੀਬ ਦਾ | ...................................... | 69 |
| ਫ਼ਸਲਾਂ ਗੱਡੀਆਂ ਖਾਣ ਲਈ | ...................................... | 70 |
| ਕਣਕਾਂ ਦਾ ਬੀਅ ਬੀਜਿਆ | ...................................... | 71 |
| ਹਾੜ੍ਹਾ | ...................................... | 72 |
| ਰਾਤ ਸੁਨੇਹੇ ਘੱਲਦੀ ਦੇਂਹ ਨੂੰ | ...................................... | 74 |
| ਮਰਿਆ ਹੋਇਆ ਦਿਨ | ...................................... | 76 |
| ਪਰਦੇਸ | ...................................... | 78 |
| ਪਠਾਣ ਖ਼ਾਂ ਦੀ ਵੇਲ | ...................................... | 79 |
| ਪੀੜਾਂ | ...................................... | 80 |



https://www.apnaorg.com

# ਮਨਜ਼ੂਰ ਏਜਾਜ਼ : ਝੱਲੀ ਦਾ ਝੱਲ

ਡਾ. ਮਨਜ਼ੂਰ ਏਜਾਜ਼ ਇਕ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਹੈ। ਉਸਦਾ ਜਨਮ ਪਿੰਡ ਬੁਰਜਵਾਲਾ, ਜ਼ਿਲ੍ਹਾ ਸਾਹੀਵਾਲ (ਪਾਕਿਸਤਾਨ) ਵਿੱਚ ਹੋਇਆ। ਗੌਰਮਿੰਟ ਕਾਲਜ ਲਾਹੌਰ ਤੋਂ ਫਿਲਾਸਫ਼ੀ ਦੀ ਐੱਮ.ਏ. ਕੀਤੀ। ਕੁਝ ਸਾਲ ਉੱਥੇ ਫਿਲਾਸਫ਼ੀ ਪੜ੍ਹਾਈ ਵੀ। ਫਿਰ ਖੱਬੇ ਪੱਖੀ ਤਹਿਰੀਕ ਨਾਲ਼ ਜੁੜ ਗਿਆ। ਫੌਜ਼ੀ ਰਾਜ ਕਾਰਣ ਅਨੇਕਾਂ ਮੁਸ਼ਕਲਾਂ ਆਈਆਂ। ਪਰ ਪੰਜਾਬੀ ਜ਼ੁਬਾਨ ਅਤੇ ਪੰਜਾਬ ਲਈ ਆਪਣੇ ਹੋਰ ਸਾਥੀਆਂ ਨਾਲ ਮਿਲ ਕੇ ਕੰਮ ਕਰਦਾ ਰਿਹਾ। ਸੱਤਰਵਿਆਂ ਵਿਚ ਨਜ਼ਮ ਹੁਸੈਨ ਸਈਅਦ ਹੋਰਾਂ ਨਾਲ ਮਿਲ ਕੇ 'ਸੰਗਤ' ਸ਼ੁਰੂ ਕੀਤੀ। ਜੋ ਅਜੇ ਵੀ ਚੱਲ ਰਹੀ ਹੈ।

ਡਾ. ਮਨਜ਼ੂਰ ਏਜਾਜ਼ ਨੇ ਅਮੈਰਿਕਾ ਆ ਕੇ ਅਰਥ ਸ਼ਾਸਤਰ ਦੀ ਐੱਮ.ਏ. ਅਤੇ ਪੀਐੱਚ.ਡੀ. ਕੀਤੀ। ਪੜ੍ਹਾਇਆ ਵੀ ਅਤੇ ਸਰਕਾਰੀ ਨੌਕਰੀ ਵੀ ਕੀਤੀ। ਪਰ ਪੰਜਾਬੀ ਲਈ ਕੰਮ ਕਰਨਾ ਵੀ ਜਾਰੀ ਰੱਖਿਆ। ਅਕੈਡਮੀ ਆਫ਼ ਪੰਜਾਬ ਇਨ ਨੌਰਥ ਅਮੈਰਿਕਾ (APNA) ਦੀ ਸਥਾਪਨਾ ਕੀਤੀ। ਅਪਨਾ ਰਾਹੀਂ ਹੀ ਮੇਰੀ ਮੁਲ਼ਾਕਾਤ ਮਨਜ਼ੂਰ ਹੋਰਾਂ ਨਾਲ ਹੋਈ।

ਉਹ ਬੁਨਿਆਦੀ ਤੌਰ 'ਤੇ ਦਾਰਸ਼ਨਿਕ ਹਨ। ਪੰਜਾਬ ਦੇ ਇਤਿਹਾਸ, ਬਾਬਾ ਨਾਨਕ, ਵਾਰਿਸ ਸ਼ਾਹ, ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਜਿਹੇ ਸੂਫ਼ੀ ਅਤੇ ਵਿਰਾਸਤੀ ਸ਼ਾਇਰਾਂ ਬਾਰੇ ਉਨ੍ਹਾਂ ਨੇ ਨਵੀਆਂ ਪਰਤਾਂ ਖੋਲ੍ਹੀਆਂ। ਖੱਬੇ ਪੱਖੀ ਤਹਿਰੀਕ 'ਚ ਕੰਮ ਕਰਦਿਆਂ ਉਨ੍ਹਾਂ ਜਾਣਿਆਂ ਕਿ ਸਾਨੂੰ ਸਾਡੇ ਵਿਰਾਸਤੀ ਸ਼ਾਇਰਾਂ, ਚਿੰਤਕਾਂ ਨੂੰ ਸਮਝੇ ਬਿਨਾਂ ਅੱਗੇ ਨਹੀਂ ਵਧਿਆ ਜਾ ਸਕਦਾ।



https://www.apnaorg.com

ਕਈ ਦਹਾਕੇ ਪਹਿਲਾਂ ਉਨ੍ਹਾਂ ਤੇ ਨਜ਼ਮਾਂ ਦੀ ਕਿਤਾਬ ਵੀ ਲਿਖੀ ਪਰ ਫਿਰ ਨਜ਼ਮਾਂ ਪ੍ਰਤੀ ਅਵੇਸਲੇ ਹੋ ਗਏ। ਕੋਵਿਡ ਦੌਰਾਨ ਉਨ੍ਹਾਂ ਨਾਲ ਗੱਲਬਾਤ ਹੋਈ ਤਾਂ ਉਨ੍ਹਾਂ ਕਈ ਨਜ਼ਮਾਂ ਸੁਣਾਈਆਂ ਤੇ ਕੁਝ ਰਿਕਾਰਡ ਕਰਕੇ ਮੈਨੂੰ ਭੇਜੀਆਂ। ਉਨ੍ਹਾਂ ਨਜ਼ਮਾਂ ਵਿਚ ਮੈਨੂੰ ਉਨ੍ਹਾਂ ਦੀ ਦਾਰਸ਼ਨਿਕਤਾ ਤੇ ਨਵੇਂ ਮੁਹਾਵਰੇ ਦੀ ਝਲਕ ਪਈ। ਮੈਂ ਉਹ ਨਜ਼ਮਾਂ ਗੁਰਮੁਖੀ ਲਿਪੀ ਵਿੱਚ ਲਿਖਦਾ ਗਿਆ।

ਉਸਦੀਆਂ ਨਜ਼ਮਾਂ ਉਚੇਚ ਕਰਕੇ ਨਹੀਂ ਲਿਖੀਆਂ ਗਈਆਂ ਸਗੋਂ ਸਹਿਜ ਸੁਭਾਅ ਹੀ ਲਿਖੀਆਂ ਜਾਪਦੀਆਂ ਹਨ। ਨਜ਼ਮ ਭਾਂਡੇ ਦੇਖੋ:-

*ਭਾਂਡੇ ਪਏ ਪਰਛੱਤੀਆਂ ਉੱਪਰ*
*ਦਾਜ 'ਚ ਆਂਦੇ ਦਾਜ 'ਚ ਜਾਂਦੇ*
*ਖੱਟ ਵਿਚ ਬਹਿ ਨਿਕਾਹ ਪੜ੍ਹਾਂਦੇ*
*ਘਰ ਦਾ ਵੱਡਾ ਮਾਣ ਵਧਾਂਦਿਆਂ*
*ਬੁੱਢੜ ਹੋ ਗਏ।*

ਨਜ਼ਮ 'ਗੁੰਗੀ ਸ਼ਾਇਰੀ' ਦੀਆਂ ਸਤਰਾਂ ਦੇਖੋ:-

*ਕੀ ਲਿਖਾਂ ਮੈਂ ਲਿਖ ਨਹੀਂ ਹੁੰਦਾ*
*ਡੂੰਘੀਆਂ ਕਵੀਆਂ ਵਾਲੀਆਂ ਰਮਜ਼ਾਂ*
*ਮੇਰੇ ਅੰਦਰ ਮਰੀਆਂ*
*ਜਾਂ ਫਿਰ ਕਦੀ ਨਾ ਜੰਮੀਆਂ।*
*ਮੈਨੂੰ ਦਿਸਦਾ ਕਰਮੇ ਤੇਲੂ ਵਾਲਾ ਕੋਹਲੂ ਤੇ ਇੱਕ ਢੱਗਾ*
*ਜੋ ਅਜ਼ਲਾਂ ਤੋਂ ਖੋਪੇ ਬੰਨ੍ਹੀ ਭੌਂਦਾ ਆਇਆ।*
*ਜਦੋਂ ਕਪਾਹੀਂ ਫੁੱਲਣ*
*ਮੇਰੀ ਅੱਖ ਵਿੱਚ ਖੁੱਭ ਜਾਂਦੀ ਹੈ ਜ਼ੀਰਾਂ ਸਾਇਣ।*

ਉਸ ਦੀਆਂ ਨਜ਼ਮਾਂ ਵਿੱਚ ਸਾਦਗੀ ਹੈ, ਦਰਸ਼ਨ ਹੈ, ਲੋਕਤਾ ਦਾ



https://www.apnaorg.com

ਦਰਦ ਹੈ। ਸਥਾਪਤੀ ਤੇ ਚੋਟਾਂ ਹਨ, ਮਜ਼ਹਬੀ ਚੌਧਰੀਆਂ ਨੂੰ ਵੰਗਾਰਾਂ ਹਨ।

*ਬਾਹਰ ਝੰਡਾ ਮਜ਼ਹਬ ਵਾਲਾ*
*ਅੰਦਰ ਹੱਟ ਦਲਾਲੀ।*
*ਘਰੀਂ ਵਸਾਈ ਚਾਚੇ ਦੀ ਧੀ*
*ਦਿਲ ਦੇ ਅੰਦਰ ਸਾਵੀ।*
*ਸਾਵੀ ਚਾਦਰ ਲੈ ਬਿਸਤਰ 'ਤੇ*
*ਤਸਬੀ ਕਰੇ ਜੁਗਾਲ਼ੀ।*

ਮੈਨੂੰ ਪੂਰੀ ਉਮੀਦ ਹੈ ਕਿ ਪਾਠਕ ਇਨ੍ਹਾਂ ਨਜ਼ਮਾਂ ਦੀ ਕਿਤਾਬ 'ਝੱਲੀ ਦਾ ਝੱਲ' ਨੂੰ ਪਿਆਰ ਕਰਨਗੇ।

ਆਮੀਨ!

**ਰਵਿੰਦਰ ਸਹਿਰਾਅ**
ਇੰਡਿਆਨਾ (ਯੂ.ਐੱਸ.ਏ.)



https://www.apnaorg.com

## ਡਾ. ਮਨਜ਼ੂਰ ਏਜਾਜ਼ ਨੂੰ ਪੜ੍ਹਦਿਆਂ...

ਡਾ. ਮਨਜ਼ੂਰ ਏਜਾਜ਼ ਨੂੰ ਪੜ੍ਹਦਿਆਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਸ਼ਾਇਰ ਸਾਨੂੰ ਤਾਰੀਖ਼ (ਇਤਿਹਾਸ) ਦੇ ਰੂਬਰੂ ਕਰਵਾ ਰਿਹਾ ਹੋਵੇ। ਪੰਜਾਬ ਦੇ ਲੋਕ ਇਤਿਹਾਸ ਵਰਗੀ ਸ਼ਾਹਕਾਰ ਕਿਤਾਬ ਲਿਖ ਕੇ ਡਾ. ਮਨਜ਼ੂਰ ਏਜਾਜ਼ ਨੇ ਪੰਜਾਬੀ ਪਾਠਕਾਂ ਵਿਚ ਚਿਰ ਸਦੀਵੀ ਥਾਂ ਬਣਾ ਲਈ ਹੈ। ਬੁੱਲ੍ਹੇ ਸ਼ਾਹ ਦੀ ਵਿਆਖਿਆ ਕਰਦਿਆਂ ਸੱਚਮੁੱਚ ਤਿੰਨ ਸਦੀਆਂ ਪਹਿਲਾਂ ਦੇ ਵਰਤਾਰੇ ਬਾਰੇ ਤਫਸੀਲ ਪੇਸ਼ ਕਰਦਾ ਹੈ।

ਆਪਣੀ ਸਵੈ ਜੀਵਨੀ ਰਾਹੀਂ ਲਹਿੰਦੇ ਪੰਜਾਬ ਮੁਆਸ਼ਰੇ ਬਾਰੇ ਇੰਝ ਲਿਖਦਾ ਹੈ ਜਿਵੇਂ ਸਾਰਾ ਦ੍ਰਿਸ਼ ਸਾਹਮਣੇ ਲੈ ਖੜ੍ਹਾ ਕੀਤਾ ਹੋਵੇ। 'ਝੱਲੀ ਦਾ ਝੱਲ' ਕਿ ਵਿਅੰਗ ਕਟਾਕਸ਼ ਹੈ ਜਿਸ ਰਾਹੀਂ ਨਜ਼ਮ ਦੀ ਡੂੰਘਾਈ ਤੱਕ ਪਹੁੰਚਾਉਣ ਵਿੱਚ ਸ਼ਾਇਰ ਪਾਠਕ ਮਨ ਨੂੰ ਹੋਰ ਗਹਿਰਾਈਆਂ ਤੱਕ ਲੈ ਜਾਂਦਾ ਹੈ।

ਉਹ ਝੱਲੀ ਦਾ ਝੱਲ ਨਜ਼ਮ ਵਿੱਚ

ਉਸਦਾ ਚੋਲਾ ਲੀਰਾਂ-ਲੀਰਾਂ
ਉਸ ਦਾ ਪਿੰਡਾ ਥਾਉਂ-ਥਾਏਂ ਲੁੱਗਿਆ-ਛਿੱਲਿਆ
ਮਿਮਬਰੋਂ ਹੋਣੇ ਖ਼ੁਤਬੇ ਜਾਰੀ
ਰਾਜ ਮਹੱਲੋਂ ਬੂਟਾਂ ਦੀ ਖੜਕਾਰ ਦੇ ਰੌਲ਼ੇ
ਟੀ. ਵੀ. ਤੇ ਅਖ਼ਬਾਰਾਂ ਚੀਕਣ
ਇਹਦੇ ਚੋਲਿਓਂ ਆਉਂਦੀ ਹੈ ਬਦਬੂ ਸੂਰ ਦੀ



https://www.apnaorg.com

ਇਹਨੂੰ ਕਹੋ
ਇਹ ਆਪਣੀਆਂ ਲੀਰਾਂ ਆਪੇ ਲਾਹੇ

ਉਹ ਕਹਿੰਦੀ:
"ਮੇਰੇ ਹੱਥ ਨੇ ਫੱਟੜ
ਆਪੇ ਲਾਹੋ, ਵੇਖੋ ਮਾਂ ਦਾ ਨੰਗਾ ਜੁੱਸਾ
ਮੇਰੇ ਕੋਲੋਂ ਸੰਗਣ ਕੇਹਾ ?
ਮੈਂ ਤੁਹਾਨੂੰ ਜੰਮਿਆਂ ਨੰਗਾ
ਮੈਂ ਤੁਹਾਨੂੰ ਕੱਜਣ ਵਾਲੇ ਦਾਅ ਸਿਖਾਏ
ਹਾਂ ਅਲਬੱਤਾ
ਔਖੇ ਅੰਨ੍ਹੇ ਹੋਣ ਦਾ ਗੁਰ ਤੁਸੀਂ ਆਪੇ ਜਾਤਾ
ਪਿਉ ਤੁਹਾਡਾ ਛੱਡ ਗਿਆ ਜੋ
ਬਦਬੂ ਮੇਰੇ ਚੋਲੇ ਦੇ ਵਿਚ
ਉਹਦਾ ਖ਼ਾਤਮਾ ਕਰਾਂਦੇ ਕਿਉਂ ਨਹੀਂ ?
ਉਹਦੀਆਂ ਰਹਿੰਦੀਆਂ ਲੀਰਾਂ ਮੇਰੇ ਤਨ ਤੋਂ ਆ ਕੇ
ਲਾਂਹਦੇ ਕਿਉਂ ਨਹੀਂ ?
ਆਪਣੇ ਆਪ ਨੂੰ ਇੰਨੇ ਕਰਨ ਦਾ ਲਾਭ ਹੀ ਲੈ ਲਉ
ਨਹੀਂ ਤਾਂ ਉਹਨੇ ਪਰਤ ਕੇ ਆਉਣਾ
ਲੀਰਾਂ ਪਾੜ ਕੇ ਫਿਰ ਤੋਂ ਮੈਨੂੰ ਮਾਂ ਬਣਾਉਣਾ
ਫੇਰ ਤੁਹਾਡੀਆਂ ਕਬਰਾਂ ਉੱਤੇ
ਮੈਥੋਂ ਵੈਣ ਵੀ ਪਾ ਨਹੀਂ ਹੋਣਾ..."
***

ਜਦੋਂ ਕੋਈ ਦਾਰਸ਼ਨਿਕ, ਚਿੰਤਕ, ਚਿੰਤਨ ਪੱਧਰ 'ਤੇ ਗੱਲ ਕਰਦਾ-ਕਰਦਾ ਨਜ਼ਮ ਕਹਿੰਦਾ ਹੈ ਤਾਂ ਉਹ ਨਜ਼ਮ ਚਿੰਤਨ ਪੱਧਰ ਦੀ ਨਜ਼ਮ ਹੋ ਜਾਂਦੀ ਹੈ। ਸਾਦ-ਮੁਰਾਦੀ ਨਹੀਂ ਰਹਿੰਦੀ ਤੇ ਉਸ ਨਜ਼ਮ ਨੂੰ ਸਮਝਣ ਲਈ ਸਾਨੂੰ ਆਪ


https://www.apnaorg.com

ਵੀ ਓਸ ਪੱਧਰ 'ਤੇ ਜਾ ਕੇ ਸੋਚਣਾ ਪੈਂਦਾ ਹੈ।

ਔਲ਼ੇ-ਬੌਲ਼ੇ ਟੁਰਦੇ ਜਾਂਦੇ
ਕਾਰਾਂ ਵਿੰਨ੍ਹੀਆਂ ਸੜਕਾਂ ਉੱਪਰ
ਖੋਲਿਆਂ ਵਿਚ ਜਿਵੇਂ ਪਰਛਾਵੇਂ
ਕੱਲ੍ਹ ਤੀਕਰ ਜਿਹੜੇ ਬਾਂਦਰ ਮੂੰਹੇਂ
ਗੂੰਗੇ ਥੱਥੇ
ਖੂਹਾਂ-ਬੇਲਿਆਂ ਅੰਦਰ
ਆਪਣੀ ਜਾਨ ਤਲ਼ੀ 'ਤੇ ਧਰ ਕੇ ਫਿਰਦੇ
ਮਿੱਠੀਆਂ ਨਦੀਆਂ, ਮੇਵੇ, ਵਾਫ਼ਰ
ਸੁਫ਼ਨਿਆਂ ਵਿਚ ਡਕਾਰਾਂ ਭੁੱਖੇ
ਭੋਲ਼ੀ ਅੰਮਾਂ ਹੱਵਾ ਦਾਨਾ ਬੀਜ ਕੇ
ਭਰਦੀ ਢਿੱਡ ਸਾਈਆਂ ਦੇ
ਵੇਹਲੜ ਖਾਬੇ ਖਾ-ਖਾ ਜਿਹੜੇ ਹੋ ਗਏ ਆਲ਼ੀ
ਕੱਢੇ ਗਏ ਬਹਿਸ਼ਤੋਂ
ਉੱਤੋਂ ਚਾੜ੍ਹੇ ਸੂਰਤ ਦੀ ਸੂਲ਼ੀ
ਲੋਥਾਂ ਹੋਈਆਂ ਕਹਿਰੀ
ਪਾਵਣ ਬੇੜੀਆਂ ਹੱਵਾ ਪੈਰੀਂ
ਬਦਲਾ ਜ਼ਹਿਰੀ ਸੱਪ ਦਾ ਡੰਗ ਨਸ਼ੀਲਾ
ਇਕ ਹੀ ਦਾਰੂ
ਜਿਸ ਵੀ ਦਾਣੇ ਗੱਡ ਕੇ
ਢਿੱਡ ਭਰਨੇ ਦਾ ਜੁਰਮ ਕਮਾਇਆ
ਉਸ ਨੇ ਕਹਿਰ ਸਮੁੰਦਰ
ਆਪਣੇ ਗਲ਼ੀਂ ਪਵਾਇਆ



https://www.apnaorg.com

ਜਿੰਨੀਆਂ ਵਾਧੂ ਫ਼ਸਲਾਂ ਗਾਹੀਆਂ
ਓਨੀਆਂ ਕਰੜੀਆਂ ਬੇੜੀਆਂ
ਆਪਣੇ ਪੈਰੀਂ ਪਾਈਆਂ
ਆਪਣੀ ਰੂੱਤ ਪੈਟਰੋਲ ਬਣਾਓ
ਦੂਤੀਆਂ ???? ਕਾਰ ਬਿਠਾਓ
ਜਾਂ ਫਿਰ ਕਾਰਾਂ ਵਿੰਨ੍ਹੇ ਚੌਕ ਖਲੋ ਕੇ
ਆਪਣੇ ਬੀਜੇ
ਦਾਣਿਆਂ ਖ਼ਾਤਿਰ ਤਰਲੇ ਪਾਓ
***

ਡਾ. ਮਨਜ਼ੂਰ ਏਜਾਜ਼ ਦੀਆਂ ਨਜ਼ਮਾਂ ਨੂੰ ਪੜ੍ਹਨਾ, ਜਾਨਣਾ ਆਪਣੇ ਆਪੇ ਨੂੰ ਜਾਨਣ-ਸਮਝਣ ਅਤੇ ਆਪਣੇ ਆਪੇ ਦਾ ਵਿਸਥਾਰ ਕਰਨ ਵਾਂਗ ਹੈ। ਉਹ ਸਾਡੇ ਸਮਿਆਂ ਦਾ ਹਾਸਿਲ ਹੈ।

-ਸਤੀਸ਼ ਗੁਲਾਟੀ



https://www.apnaorg.com

https://www.apnaorg.com

## ਜੋਗ

ਤਨ ਤਲਵਾਰ ਤਲਾਵਾਂ ਤਣੀਆਂ
ਪੰਜੇ ਜੂਹਾਂ ਮਿਣੀਆਂ ਮਲੀਆਂ*
ਪੀਤੀ ਮੱਦ ਤੇ ਭੰਗ ਪਿਆਲੇ
ਵਸਲ ਅਜ਼ਲ ਲਈ ਪਾ ਧਮਾਲਾਂ
ਤੇਰੇ ਤਨ ਦੀ ਲੱਜ਼ਤ ਮਾਣਨ ਜੋਗੇ ਹੋਏ
ਤੇਰੇ ਅੰਗਾਂ ਦਾ ਰਸ ਪੁਣਿਆਂ ਆਪਣੇ ਨਾੜੀਂ
ਸਾਹੀਂ ਭਾਂਬੜ ਬਾਲ਼ੇ
ਫੁੱਲ ਮੁਕੱਦਰ ਆਪਣੇ ਹੱਥੀਂ
ਬੀਜਣ ਦਾ ਵੱਲ ਆਇਆ
ਟਹਿਕਾਂ-ਮਹਿਕਾਂ ਦੀ ਤੇਹ ਲੱਥੀ
ਜਾ ਸੂਲ਼ੀ 'ਤੇ ਨੱਚੇ
ਇਸ ਸੰਸਾਰ ਦੇ ਸਾਊ ਬੱਚੇ

•

---

*ਮਲੀਆਂ : ਮੱਲ ਮਾਰਨਾ (ਕਬਜ਼ਾ ਕਰਨਾ)*



https://www.apnaorg.com

## ਮਨਜ਼ੂਰ ਇਜਾਜ਼

ਮੈਨੂੰ ਹਿਰਸ ਦੇ ਝੱਲ ਦੀ ਡਾਹਢੀ ਸਾਰ ਏ
ਅੰਦਰੀਂ ਚਿੱਕੜ ਖੋਬਾ
ਸਾਰੀਆਂ ਸ਼ਕਲਾਂ ਚੰਗੀਆਂ-ਭੈੜੀਆਂ
ਸਭ ਦੇ ਜੁੱਸੇ ਛਿੱਟਾਂ-ਛਿੱਟਾਂ
ਇੱਕੋ-ਇਕ ਪਹਾੜ ਦਾ ਰੱਤਾ ਬਲ਼ਦਾ ਲਾਵਾ
ਸਭ ਸੁਆਹ ਘਸਮੈਲ਼ੀ
ਇਹ ਵੀ ਸੀ ਇਕ ਰਿਸ਼ਤਾ ਭਾਵੇਂ ਟੁੱਟਿਆ-ਭੱਜਿਆ
ਸੋਕੇ ਦੇ ਜਦ ਆਏ ਵੇਲ਼ੇ
ਸਭ ਕੁਝ ਖ਼ਾਬ ਸਰਾਂ ਦੇ ਵਿਚ ਜਿਵੇਂ ਗਿਆ ਗੁਆਚਾ
ਚਿੱਖੜੇ ਖੋਬੇ ਸੁੱਕ ਕੇ ਬਣ ਗਏ ਲੋਹਾ ਖੰਗਰ
ਨਾ ਉੱਗਣੇ ਸਨ ਨਾ ਫੁੱਲ ਉੱਗੇ
ਅੰਦਰ-ਅੰਦਰ ਵੈਰਾਂ ਦਾ ਥਲ ਰੇਤ ਹਨੇਰੀ
ਨਾ ਕੋਈ ਆਵੇ ਨਾ ਕੋਈ ਜਾਵੇ
ਬਿਨਾਂ ਜਾਗਦੇ ਬਦ ਜਗਾਵੇ

•



https://www.apnaorg.com

## ਲੁਕਣ-ਮੀਟੀ

ਕੀ-ਕੀ ਰੰਗ ਵਿਖਾਵੇਂ
ਪਾਣੀ ਅੰਦਰ ਅੱਗ ਲੁਕਦੀ ਏ
ਜਿਵੇਂ ਖੇਡੇ ਲੁਕਣ-ਮੀਟੀ
ਅੱਖ ਬਲੇ ਜਿਉਂ ਘੁੱਪ ਹਨੇਰੇ
ਅੱਧ-ਪਚੱਦਾ ਮੇਲਾ
ਨਾ ਇਹ ਪਾਅ ਤੇ ਨਾ ਇਹ ਅੱਧਾ
ਨਾ ਗਵੇੜ* ਨਾ ਮਿਥਿਆ-ਮਿਣਿਆ
ਡਰੂ ਜਿਹੀ ਇਕ ਲਹਿਰ ਝੁੰਬਰ ਪਾਵੇ
ਅੱਖੋਂ ਸੰਗੇ ਪਰ ਉਸ ਦੇ ਹਨ ਪੈਰ ਨਲੱਜੇ
ਜਦ ਵੀ ਸੋਚਾਂ ਤੇਰੇ ਆਉਣ ਦੇ ਵੇਲ਼ੇ ਖੁੰਝੇ,
ਤੂੰ ਆ ਜਾਵੇਂ
ਮੇਰੇ ਅੰਦਰ ਖੇਡ ਪੁਰਾਣੀ
ਫੇਰ ਰਚਾਵਾਂ

•

---

*ਗਵੇੜ : ਅੰਦਾਜ਼ਾ*



https://www.apnaorg.com

## ਹੁੱਸੜ

ਤੇਰੇ ਬੁੱਲ੍ਹਾਂ ਵਿੱਚੋਂ ਮੈਨੂੰ
ਮਹਿਕ ਕਿਉਂ ਨਾ ਆਈ
ਕਿਉਂ ਤੇਰਾ ਸਾਹ
ਭਾਦੋਂ ਵਾਲ਼ੇ ਹੁੱਸੜ ਵਾਂਗਰ
ਗਿੱਲਾ-ਗਿੱਲਾ
ਕੀ ਸਮਿਆਂ ਦੀ ਤੇਹ ਨੇ ਮੇਰੇ
ਅੰਗ ਨਿਕੰਮੇ ਕੀਤੇ
ਜਾਂ ਫਿਰ ਤੇਰੇ ਜੁੱਸੇ ਅੰਦਰ
ਬੋ ਉਕਾਤ* ਦੇ ਬੱਦਲ
ਵਰ੍ਹ-ਵਰ੍ਹ ਛੱਪੜ ਹੋਏ
ਉੱਤੇ ਹਰੀਆਂ ਲੱਗੀਆਂ ਉੱਲੀਆਂ
ਵਿਚ ਬਲਾਈਂ ਜੰਮੀਆਂ ਜਿਹੜੀਆਂ
ਕੀਲੀਆਂ ਗਈਆਂ
ਆਪਣੇ-ਆਪ ਦੁਆਲ਼ੇ ਭੌਂਅ-ਭੌਂਅ
ਮੁੜ੍ਹਕੋ-ਮੁੜ੍ਹਕੀ ਗਲ਼ੀਆਂ ਸੜੀਆਂ
ਨਾ ਕੋਈ ਲੇਪ ਨਾ ਸੁਰਖ਼ੀ-ਪਾਊਡਰ
ਨਾ ਕੋਈ ਇਤਰ-ਫੁਲੇਲ ਹੈ ਦਾਰੂ
ਮੇਰੇ ਪੱਟ ਦਾ ਮਾਸ ਵੀ ਫੋਕਾ
ਕੱਚਿਆਂ ਘੜਿਆਂ ਡੁੱਬਣਾ ਆਖ਼ਿਰ

•

*ਉਕਾਤ : ਉਕਤਾਹਟ*



https://www.apnaorg.com

## ਧਮੂੜੀ

ਤੇਰੀ ਬਾਹੀਂ ਨਾ ਕੋਈ ਚੂੜਾ
ਨਾ ਹੀ ਤੇਰੀਆਂ ਜ਼ੁਲਫ਼ਾਂ ਨਾਗਣ
ਤੇਰੇ ਹੱਥ ਵੀ
ਰੋਜ਼-ਰੋਜ਼ ਦੀਆਂ ਕਾਰਾਂ ਅਤੇ ਵਗਾਰਾਂ ਪਾਰੋਂ
ਚੰਮ ਪੱਥਰ ਦੇ ਹੋਏ
ਚੋਲਾ ਤੇਰਾ ਲੀਰ ਕਰੀਰਾਂ
ਨੰਗੇ ਪੈਰ ਬਿਆਈਆਂ ਰੁੱਧੇ
ਫੇਰ ਵੀ ਤੇਰਾ ਸਾਹ ਧਮੂੜੀ
ਮੈਨੂੰ ਹਰ ਥਾਂ ਡੰਗੇ
ਤੇਰੇ ਪੱਥਰ ਹੱਥ-ਪੈਰ ਦੀਆਂ ਨਾੜਾਂ ਵਿੱਚੋਂ
ਬੁੱਲੇ ਮਾਰੇ ਲਹੂ ਮਦਾਮੀ ਜੱਗੇ
ਤੇਰਾ ਜੁੱਸਾ ਮੇਰੇ ਇਕ ਪੋਟੇ ਦੀ
ਦੱਬ ਵੀ ਸਹਿ ਨਾ ਸੱਕੇ
ਧੜਕੇ, ਤੜਫ਼ੇ, ਮੇਰੇ ਅੰਦਰ
ਚਾਨਣ ਤੇ ਖ਼ੁਸ਼ਬੂ ਦਾ
ਇਕ ਸਮੁੰਦਰ ਲਹਿਰੇ

•



https://www.apnaorg.com

## ਝੇੜੇ

ਤੇਰੇ-ਮੇਰੇ ਝੇੜੇ ਵੱਖਰੇ
ਵਿਚ ਨਿਆਈ ਕੋਇ ਨਾ
ਆ ਹੁਣ ਆਪਣੀਆਂ ਕਬਰਾਂ ਉੱਪਰ
ਆਪਣੇ-ਆਪ ਸਿਆਪੇ ਕਰ-ਕਰ
ਖੱਟੀਏ ਤਰਸ* ਦੀ ਖੱਟੀ
ਕੁਤਬ ਮੀਨਾਰ ਬਣਾਈਏ

•

---

*ਤਰਸ : ਰਹਮ ਕਰ*



https://www.apnaorg.com

## ਮੰਗਤੇ

ਔਲ਼ੇ-ਬੌਲ਼ੇ ਟੁਰਦੇ ਜਾਂਦੇ
ਕਾਰਾਂ ਵਿੰਨ੍ਹੀਆਂ ਸੜਕਾਂ ਉੱਪਰ
ਖੋਲਿਆਂ ਵਿਚ ਜਿਵੇਂ ਪਰਛਾਵੇਂ
ਕੱਲ੍ਹ ਤੀਕਰ ਜਿਹੜੇ ਬਾਂਦਰ ਮੂੰਹੇਂ
ਗੂੰਗੇ ਥੱਥੇ
ਖੂਹਾਂ-ਬੇਲਿਆਂ ਅੰਦਰ
ਆਪਣੀ ਜਾਨ ਤਲ਼ੀ 'ਤੇ ਧਰ ਕੇ ਫਿਰਦੇ
ਮਿੱਠੀਆਂ ਨਦੀਆਂ, ਮੇਵੇ, ਵਾਫ਼ਰ
ਸੁਫ਼ਨਿਆਂ ਵਿਚ ਡਕਾਰਾਂ ਭੁੱਖੇ
ਭੋਲ਼ੀ ਅੰਮਾਂ ਹੱਵਾ ਦਾਣਾ ਬੀਜ ਕੇ
ਭਰਦੀ ਢਿੱਡ ਸਾਈਆਂ ਦੇ
ਵੇਹਲੜ ਖਾਬੇ ਖਾ-ਖਾ ਜਿਹੜੇ ਹੋ ਗਏ ਆਲ਼ੀ
ਕੱਢੇ ਗਏ ਬਹਿਸ਼ਤੋਂ
ਉੱਤੋਂ ਚਾੜ੍ਹੇ ਸੁਰਤ ਦੀ ਸੂਲ਼ੀ
ਲੋਥਾਂ ਹੋਈਆਂ ਕਹਿਰੀ



https://www.apnaorg.com

ਪਾਵਣ ਬੇੜੀਆਂ  ਹੱਵਾ ਪੈਰੀਂ
ਬਦਲਾ ਜ਼ਹਿਰੀ ਸੱਪ ਦਾ ਡੰਗ ਨਸ਼ੀਲਾ
ਇਕ ਹੀ ਦਾਰੂ
ਜਿਸ ਵੀ ਦਾਣੇ ਗੱਡ ਕੇ
ਢਿੱਡ ਭਰਨੇ ਦਾ ਜੁਰਮ ਕਮਾਇਆ
ਉਸ ਨੇ ਕਹਿਰ ਸਮੁੰਦਰ
ਆਪਣੇ ਗਲ਼ੀਂ ਪਵਾਇਆ
ਜਿੰਨੀਆਂ ਵਾਧੂ ਫ਼ਸਲਾਂ ਗਾਹੀਆਂ
ਓਨੀਆਂ ਕਰੜੀਆਂ ਬੇੜੀਆਂ
ਆਪਣੇ ਪੈਰੀਂ ਪਾਈਆਂ
ਆਪਣੀ ਰੁੱਤ ਪੈਟਰੋਲ ਬਣਾਓ
ਦੂਤੀਆਂ   ???? ਕਾਰ ਬਿਠਾਓ
ਜਾਂ ਫਿਰ ਕਾਰਾਂ ਵਿੰਨ੍ਹੇ ਚੌਕ ਖਲੋ ਕੇ
ਆਪਣੇ ਬੀਜੇ
ਦਾਣਿਆਂ ਖ਼ਾਤਿਰ ਤਰਲੇ ਪਾਓ

•



https://www.apnaorg.com

## ਲਿਖਤਾਂ

ਆਪਣੇ ਚੁੰਭੇ ਬਣਦੇ ਗੁੜ ਦੀ ਮਹਿਕ ਨਿਰਾਲੀ
ਆਪਣੇ ਖਾਣ ਲਈ ਬਣਿਆ ਜਿਸ ਵਿਚ
ਰੰਗ-ਕਾਟ ਨਾ ਸੋਡਾ
ਸਾਦ-ਮੁਰਾਦਾ, ਕੁਝ ਬਦਰੰਗਾ, ਸ਼ਕਲੋਂ ਕੋਹਝਾ
ਵਿਕਣ ਵਾਲ਼ੀ ਇਸ ਵਿਚ ਨਾ ਕੋਈ ਲਿਸ਼ਕ ਸਫੈਦੀ
ਲਿਖਤਾਂ ਵੀ ਕੁਝ ਐਸੇ ਜ਼ਾਤੋਂ
ਚੁੰਭੇ ਚੜ੍ਹੀਆਂ ਮਹਿਕਣ
ਖਰਵੀਆਂ ਤੇ ਅੱਧ-ਘੜੀਆਂ
ਹਰਫ਼ਾਂ ਵਿਚ ਸਫ਼ੈਦੀ ਵਾਲ਼ੇ, ਭੇਤ ਸੈਨਤਾਂ
ਕਹੀਆਂ ਅੰਦਰ ਅਣ-ਕਹੀਆਂ ਦੇ ਖੁਰੇ ਛਡੀਵਣ
ਬੋਲਾਂ ਅੰਦਰ ਚੁੱਪ ਦੇ ਟੋਟੇ, ਟਾਂਕੇ ਲਾਵਣ
ਫੁੱਲ ਸਰ੍ਹੋਂ, ਬਰਸੀਨ ਤੇ ਲੂਸਣ



https://www.apnaorg.com

ਨੋਕ ਕਲਮ ਦੀ
ਸਭ ਦੀ ਆਪਣੀ ਕੂਲ਼ੀ ਰੂਹ ਵਿਚ ਭਿੱਜੇ
ਸਭ ਦੀ ਵੱਖਰੀ ਜ਼ਾਤ ਸਿਫ਼ਾਤ ਨੂੰ
ਦਿਲ ਦਾ ਦਾਜ ਬਣਾਵੇ
ਸਦਾ ਕੁਆਰੀ ਰਹਿ ਕੇ ਪਰ ਇਹ
'ਬੇਟਾ ਗੋਦ ਖਿਡਾਵੇ*...'

•

*ਬੇਟਾ ਗੋਦ ਖਿਡਾਵੇ: ਬੁੱਲ੍ਹੇ ਸ਼ਾਹ ਦੀ ਕਾਫ਼ੀ*



https://www.apnaorg.com

## ਨਾ ਝਨਾ ਨਾ ਥਲ ਸੀ

ਨਾ ਝਨਾ ਨਾ ਥਲ ਸੀ
ਆਸਮਾਨ ਨੂੰ
ਟਾਕੀ ਲਾਵਣ ਵਾਲ਼ੀ ਗੱਲ ਸੀ
ਬਿਨ ਜੁੱਸੇ ਥਿੰਦਿਆਈ ਮਾਂਜੇ
ਚੱਸ* ਮਾਨਣ ਮੁਸ਼ਕਿਲ ਸੀ
ਆਪਣਾ ਮੁੜ੍ਹਕਾ
ਜੂਏ ਵਿਚ ਨਾ ਹਾਰਨ ਵਾਲ਼ਾ ਪਲ ਸੀ
ਉੱਡਦੀ ਖੇਹ ਵਿਚ
ਅੱਖਾਂ ਡੇਲੇ ਸਾਂਭਣ ਵਾਲ਼ਾ ਹੱਲ ਸੀ
ਤਾਰੋ-ਤਾਰ ਵਜੂਦ ਨੂੰ ਕਰ ਕੇ
ਫਿਰ ਸੀਵਣ ਦਾ ਵੱਲ ਸੀ

•

*ਚੱਸ : ਮਜ਼ਾ ਲੈਣਾ*



https://www.apnaorg.com

## ਆਪਣੇ ਡਰ ਵਿਚ

ਸੱਪ, ਦੋਮੂੰਹੀਆਂ, ਠੂੰਹੇਂ, ਬਿੱਛੂ
ਸਭ ਬਲਵਾਨ ਨੇ ਓਹਲੇ ਦੇ
ਜਿਵੇਂ ਜ਼ਰ ਦੇ ਮਾਲਕ ਮੁੱਲਾਂ-ਕਾਜ਼ੀ, ਬਾਕੀ
ਆਪਣੇ ਡਰ ਵਿਚ ਆਪਣੇ ਭੈਅ ਤੋਂ
ਡੰਗ ਮਰੇਂਦੇ
ਜ਼ਾਤ ਦੀਆਂ ਬਸ ਕੋਹੜ-ਕਿਰਲੀਆਂ
ਜੱਫਿਆਂ ਵਿਚ ਸ਼ਹਿਤੀਰ ਬਲਾਵਣ*
ਸਾਡੀ ਉਲਟੀ ਮੱਤ 'ਤੇ ਰਲ਼-ਮਿਲ਼
ਹੱਸਦੀਆਂ ਜਾਵਣ

•

---

ਬਲਾਵਣ : ਟਾਲਣਾ



https://www.apnaorg.com

# ਚੂੜੇ ਕੱਜੇ ਚੂੜਿਆਂ ਵਾਲੀਆਂ

ਕਿਨੀ ਵਾਰੀ ਝਾਕੀ ਦੇ-ਦੇ ਲੰਘੀਆਂ
ਹਾਠਾਂ* ਜੋੜ ਕੇ ਚੰਘਰ ਪਾਉਂਦੇ ਆਏ ਬੱਦਲ
ਗਰਜ ਉਨ੍ਹਾਂ ਦੀ ਆਸਮਾਨਾਂ ਨੂੰ ਪਾੜ ਉਧੇੜੇ
ਚੂੜੇ ਕੱਜੇ ਚੂੜਿਆਂ ਵਾਲੀਆਂ
ਤੂਰ ਪਹਾੜ ਦੀ ਯਾਦ ਦਵਾਂਦੀ
ਲਿਸ਼ਕ ਇਨ੍ਹਾਂ ਦੀ
ਪਰ ਤ੍ਰਿਹਾਈ ਤਿੱਸੀ ਧਰਤੀ, ਅੱਖ ਬੇਸ਼ਰਮੀ
ਡੇਲੇ ਅੱਡ-ਅੱਡ ਵੇਖੇ ਇਵੇਂ ਜੱਫੇ ਮਾਰੂ
ਬੱਦਲ਼ ਸੰਗਦੇ ਅੱਖੀਂ ਮੀਟ ਕੇ
ਘੁੱਪ ਹਨੇਰਾ ਕਰ ਕੇ
ਜਿਵੇਂ ਆਪਣੀ ਲੱਜ ਬਚਾਵਣ
ਝਾਕਾ ਦੇ ਕੇ ਲਾਰੇ ਲਾ-ਲਾ
ਬਿਨ ਵਰ੍ਹਿਆਂ ਹੀ
ਏਧਰ ਓਧਰ ਖਿੰਡ-ਪੁੰਡ ਜਾਵਣ
ਤੇਰੇ ਆਉਣ ਦਾ ਬੇਨਾਮੀ ਦੇਂਹ ਦੱਸ ਜਾਵਣ

•

---

*ਹਾਠਾਂ: ਸੀਨਾ*

*ਲੋਕ ਬੋਲੀ: ਬੱਦਲ਼ ਆਇਆ ਗੱਜ ਕੇ*
*ਮੈਂ ਚੌਕਾਂ ਰੱਖਾਂ ਕੱਜ ਕੇ*



https://www.apnaorg.com

## ਮੈਂ ਕਦ ਜਿੱਤਿਆ

ਬੇਵਤਨੀ, ਬੇਨਾਮੀ, ਬਰਫ਼ਾਂ, ਖੇਹ ਵਿਚ ਰੁਲ਼ਿਆ
ਬੱਸ ਇਕ ਹਾਰਨ ਦੇ ਡਰ ਅੰਦਰ
ਜੀਵਨ ਪੌੜੀ ਚੜ੍ਹਿਆ
ਉੱਤੇ ਜਾਣ ਦਾ ਝਾਕਾ ਦੇ ਜੋ
ਲਹਿੰਦੀ ਜਾਂਦੀ ਥੱਲੇ
ਜਿੱਥੇ ਰੇਤ ਦਾ ਥਲ ਤੇ ਪਾਣੀ ਇੱਕੋ ਜੇਡ ਮਦਾਰੀ
ਤਿੱਸੇ ਮਾਰਨ ਜਾਂ ਫਿਰ ਡੋਬਣ, ਅੱਖੀਂ ਵੇਖਣ
ਪਾਣੀ ਵਿਚ ਮਧਾਣੀ
ਫੇਰ ਵੀ ਚਾਅ ਜਿੱਤਣ ਦਾ
ਉੱਤੇ ਜਾਣ ਦਾ ਝੱਲ ਨਹੀਂ ਮਰਿਆ
●



https://www.apnaorg.com

## ਤੂੰ ਜੋ ਅੰਮ੍ਰਿਤ ਜਾਣ ਕੇ ਦਿੱਤੇ

ਤੂੰ ਜਦ ਆਪਣਾ ਜੁੱਸਾ ਰਹਿਮ-ਕਰਮ ਦੀ ਲਹਿਰੇ
ਖ਼ੈਰ ਸਮਝ ਕੇ ਭੁੱਖਿਆਂ ਅੰਦਰ ਵੰਡਿਆ
ਖਾਵਣ ਵਾਲ਼ਿਆਂ ਚਤੁਰਾਈ ਦਾ ਝੰਡਾ ਗੱਡਿਆ
ਤੂੰ ਜੋ ਅੰਮ੍ਰਿਤ ਜਾਣ ਕੇ ਦਿੱਤਾ
ਉਹ ਨਾ-ਸ਼ੁਕਰੇ, ਨਾ-ਕਦਰੇ ਢਿੱਡਾਂ ਦੇ ਅੰਦਰ
ਇਹ ਅਜਿਹਾ ਜ਼ਹਿਰੀ ਮਹੁਰਾ ਹੋਇਆ
ਜਿਸ ਲਈ ਨਾ ਕੋਈ ਮੰਤਰ ਦਾਰੂ
ਸਦੀਆਂ ਦੀ ਫਿਟਕਾਰ ਮਦਾਮੀ, ਅਣਮੁੱਕ
ਭੁੱਖ ਦੀ ਮਿਰਗੀ ਦਾ ਵਰਤਾਰਾ
ਨਾ ਕੋਈ ਵੈਦ-ਤਬੀਬ ਕਹੀ ਦਾ
ਸ਼ਾਲਾ! ਰਾਤੀਂ ਮੈਨੂੰ ਨਾ ਤੂੰ ਰਹਿਮ 'ਚ ਖ਼ੈਰ ਦਵੇਂਦਾ
ਮੇਰਾ ਕੁਝ ਉਪਰਾਲਾ ਖ਼ਬਰੇ ਹੋ ਹੀ ਜਾਂਦਾ
ਹੁਣ ਤੇ ਤੇਰੇ ਦਾਨ ਨੇ ਮੈਨੂੰ ਕੋਹੜੀ ਕੀਤਾ
ਮੋਏ ਸੱਪ ਦੇ ਵਾਂਗਰ ਵਿੱਸ ਮੈਂ ਘੋਲਦੇ ਰਹਿਣਾ
ਹੁਣ ਮੈਂ ਇਸ ਹਸਤਾ ਦਾ ਬਾਲਣ
ਬਲਦੇ ਰਹਿਣਾ ਸੜਦੇ ਰਹਿਣਾ

•



https://www.apnaorg.com

## ਰਾਗੀ

ਜਦੋਂ ਕਮਾਦੀਂ ਸੋਹਣ ਚਿੜੀਆਂ ਦੀ ਚਾਹਕਾਰ ਚਹਿਕੀ
ਮੇਰੇ ਵੱਡੇ ਭਾਅ ਦੀ ਮੁੜ੍ਹਕੇ ਦੀ ਖ਼ੁਸ਼ਬੋਈ
ਉਹਦੀ 'ਵਾਜ 'ਚ ਮਿੱਠਾ ਰਸ ਬਣ
ਤ੍ਰਿਕਾਲ਼ਾਂ ਦੇ ਲੰਮੇ ਢਲ਼ਦੇ ਪਰਛਾਵੇਂ 'ਤੇ ਵਿਛ ਗਈ
"ਲੈ ਬਈ ਕਾਕਾ! ਲਾ ਖਾਂ ਤੂੰ ਵੀ 'ਵਾਜ ਨੂੰ ਭੋਗਾ..."
"ਨਹੀਂ ਨਹੀਂ ਇੰਝ ਨਹੀਂ..."
"ਤਾਨ 'ਚ ਵਗਦੇ ਦਰਿਆਵਾਂ ਦੀਆਂ ਲਹਿਰਾਂ ਬਣ ਜਾ
ਇਹ ਖਾਲ਼ੇ ਦਾ ਨਹੀਂ ਨਹਾਵਣ, ਇਹ ਐਵੇਂ ਨਹੀਂ ਹੁੰਦਾ
ਇਹ ਤਾਂ ਅੰਦਰੋਂ ਨਾੜਾਂ ਵਿੱਚੋਂ
ਸਿੰਮਦੀ ਰੱਤ ਦਾ ਹੁੱਲਾ
ਇਹ ਸਭ ਸਦਕਾ, ਮੁੜ੍ਹਕਾ ਰੂਹ ਦਾ..."

•



https://www.apnaorg.com

# ਝੱਲੀ ਦਾ ਝੱਲ

ਉਸਦਾ ਚੋਲਾ ਲੀਰਾਂ-ਲੀਰਾਂ
ਉਸ ਦਾ ਪਿੰਡਾ ਥਾਉਂ-ਥਾਏਂ ਲੂੱਗਿਆ-ਛਿੱਲਿਆ
ਮਿਮਬਰੋਂ* ਹੋਣੇ ਖ਼ੁਤਬੇ ਜਾਰੀ
ਰਾਜ ਮਹੱਲੋਂ ਬੂਟਾਂ ਦੀ ਖੜਕਾਰ ਦੇ ਰੌਲ਼ੇ
ਟੀ. ਵੀ. ਤੇ ਅਖ਼ਬਾਰਾਂ ਚੀਕਣ
ਇਹਦੇ ਚੋਲਿਓਂ ਆਉਂਦੀ ਹੈ ਬਦਬੂ ਸੂਰ ਦੀ
ਇਹਨੂੰ ਕਹੋ
ਇਹ ਆਪਣੀਆਂ ਲੀਰਾਂ ਆਪੇ ਲਾਹੇ

ਉਹ ਕਹਿੰਦੀ:
"ਮੇਰੇ ਹੱਥ ਨੇ ਫੱਟੜ
ਆਪੇ ਲਾਹੋ, ਵੇਖੋ ਮਾਂ ਦਾ ਨੰਗਾ ਜੁੱਸਾ
ਮੇਰੇ ਕੋਲੋਂ ਸੰਗਣ ਕੇਹਾ ?
ਮੈਂ ਤੁਹਾਨੂੰ ਜੰਮਿਆਂ ਨੰਗਾ
ਮੈਂ ਤੁਹਾਨੂੰ ਕੱਜਣ ਵਾਲ਼ੇ ਦਾਅ ਸਿਖਾਏ

---

*ਮਿਮਬਰ: ਜਿੱਥੇ ਖੜ੍ਹ ਕੇ ਮੌਲਵੀ ਵਿਆਖਿਆ ਕਰਦਾ ਹੈ*



https://www.apnaorg.com

ਹਾਂ ਅਲਬੱਤਾ
ਅੱਖੋਂ ਅੰਨ੍ਹੇ ਹੋਣ ਦਾ ਗੁਰ ਤੁਸੀਂ ਆਪੇ ਜਾਤਾ
ਪਿਉ ਤੁਹਾਡਾ ਛੱਡ ਗਿਆ ਜੋ
ਬਦਬੂ ਮੇਰੇ ਚੋਲੇ ਦੇ ਵਿਚ
ਉਹਦਾ ਖ਼ਾਤਮਾ ਕਰਾਂਦੇ ਕਿਉਂ ਨਹੀਂ ?
ਉਹਦੀਆਂ ਰਹਿੰਦੀਆਂ ਲੀਰਾਂ ਮੇਰੇ ਤਨ ਤੋਂ ਆ ਕੇ
ਲਾਂਹਦੇ ਕਿਉਂ ਨਹੀਂ ?
ਆਪਣੇ ਆਪ ਨੂੰ ਇੰਨੇ ਕਰਨ ਦਾ ਲਾਭ ਹੀ ਲੈ ਲਉ
ਨਹੀਂ ਤਾਂ ਉਹਨੇ ਪਰਤ ਕੇ ਆਉਣਾ
ਲੀਰਾਂ ਪਾੜ ਕੇ ਫਿਰ ਤੋਂ ਮੈਨੂੰ ਮਾਂ ਬਣਾਉਣਾ
ਫੇਰ ਤੁਹਾਡੀਆਂ ਕਬਰਾਂ ਉੱਤੇ
ਮੈਥੋਂ ਵੈਣ ਵੀ ਪਾ ਨਹੀਂ ਹੋਣਾ...”

•



https://www.apnaorg.com

## ਉਸਤਾਦ ਗ਼ੁਲਾਮ ਅਲੀ ਖ਼ਾਨ ਦੇ ਨਾਂਅ

ਉੱਤੇ ਕਹਿਰੀ ਬੱਦਲ਼ ਗੱਜੇ
ਜਿਵੇਂ ਅਸਮਾਨ ਦੇ ਸਾਰੇ ਤੋਪੇ ਟੁੱਟਣ
ਫ਼ੀਤੀ-ਫ਼ੀਤੀ ਸਭ ਕੁਝ ਹੋਣਾ
ਧਰਤੀ ਕੰਬ-ਕੰਬ ਸੁੰਗੜ ਜਾਣੀ
ਇਸ ਵਿਚਾਲੇ ਮੇਰੀ ਤਾਣ ਪਈ ਲਲਕਾਰੇ
ਤੂੰ ਅੱਧ ਅਸਮਾਨ 'ਤੇ ਚੜ੍ਹ ਕੇ ਮਾਣ ਕਰੇਂਦਾ ਗੜ੍ਹਕੇਂ
ਇੱਥੇ ਅੰਦਰ ਸੱਤ ਅਸਮਾਨ ਤੇ ਸੱਤ ਜ਼ਮੀਨਾਂ
ਮੇਰੇ ਦਮ ਵਿਚ ਕੀਲੀਆਂ ਗਈਆਂ
ਤੂੰ ਤੇ ਬਸ ਦੋ ਟੋਟੇ ਜੋੜ ਕੇ ਪਿਆ ਖੜਕਾਏਂ
ਆਪਣੀ 'ਵਾਜ ਦੀ ਨੀਸ਼ੀ ਚੜ੍ਹ ਕੇ
ਤੈਨੂੰ ਢੂੰਡ ਕੇ ਤਵੇ ਤਲੇਸਾਂ
ਸਾਰੀ ਖ਼ਲਕਤ ਅੰਦਰ
ਤੇਰੇ ਟੁਕੜੇ ਪਿਆ ਵੰਡੇਸਾਂ

•



https://www.apnaorg.com

## ਰੱਪੜ[1]

ਪਿੰਡ ਦੇ ਬਾਹਰ ਏਥੇ ਰੱਪੜ ਹੁੰਦਾ ਸੀ
ਅਗਲੇ ਪੋਸ਼ ਨੂੰ ਦੱਸੋ ਤੇ ਇਹ ਨਜ਼ਰ ਨਾ ਆਵੇ
ਪਰ ਉਸ ਵੇਲ਼ੇ ਪੂਰਾ ਥਲ ਸੀ
ਇਸ ਦੇ ਅੰਦਰ ਥਾਂ-ਥਾਂ ਅੱਕ ਦੇ ਬੂਟੇ ਸਨ
ਵਿੱਚ-ਵਿੱਚ ਕਰਹੀਆਂ[2] ਵਿੰਗੇ ਕੁੱਬੇ ਵਣ ਵੀ ਸਨ
ਧੁਰ ਅੰਦਰ ਇਕ ਨਦੀ ਵਗੇਂਦੀ ਬੂਝਿਆਂ ਢੱਕੀ
ਵੇਖਣ ਨੂੰ ਇਹ ਚਿੱਟ ਰੜਾ
ਪਰ ਇਸ ਦੇ ਅੰਦਰ
ਚਵੀ ਘੰਟੇ ਭਰਵਾਂ ਮੇਲਾ ਬਾਹਰਲੀਆਂ ਦਾ
ਬਾਹਰਲੀਆਂ ਤੇ ਲਫ਼ਜ਼ ਭੁਲੇਖਾ ਇਕ ਦੂਜੇ ਲਈ
ਇਹ ਤੇ ਇਕ-ਇਕ ਜੀਅ ਦੇ ਅੰਦਰ
ਆਪਣੇ ਕੋਲੋਂ ਲੁਕੇ-ਲੁਕਾਏ ਭੂ ਭੇਤਾਂ ਦਾ
ਅੰਦਰ ਵਸਦੀਆਂ ਖੁੱਲ੍ਹੀ ਦਰਗਾਹਾਂ ਦੀ ਸੁੰਨ ਵਿਚ
ਗੂੰਜਾਂ
ਜ਼ਾਮਨ ਸਭ ਰੋਗਾਂ ਭੋਗਾਂ ਦਾ
ਸਿਖ਼ਰ ਦੁਪਹਿਰੇ ਲੋਅ ਦੀਆਂ ਲਹਿਰਾਂ ਨਾਲ਼ ਉਡੇਂਦੀਆਂ

---

*1. ਰੱਪੜ : ਬੰਜਰ, 2. ਕਰਹੀਆਂ: ਜੰਗਲ਼ੀ ਬੂਟਾ,*



https://www.apnaorg.com

ਸ਼ਕਲਾਂ ਜਿਹੜੀਆਂ ਪਲ ਵਿਚ ਹੁਸਨ ਭੁਲਾਵਾ
ਪਰ ਵਿਚ ਖ਼ੂਨੀ ਡੈਣਾਂ
ਰਾਤਾਂ ਏਥੇ ਘੁੰਗਰੂ ਬੰਨ੍ਹ ਕੇ ਨਾਚ ਨਚੇਂਦੀਆਂ
ਮੁਜਰਾ ਭਰਵਾਂ
ਚੜ੍ਹੀਆਂ ਅੰਨ੍ਹ ਜਵਾਨੀਆਂ ਲੁਕ-ਲੁਕ ਆਲ਼ੇ-ਦੁਆਲ਼ੇ
ਦੇਣ ਹੁੰਗਾਰੇ ਵੇਲਾਂ ਵਾਰਨ
ਚੜ੍ਹੀ ਪੀਂਘ ਦੇ ਥੱਲੇ ਬੁੱਲ੍ਹੇ
ਤਾਰੋ-ਤਾਰ ਮਿਲਾ ਕੇ, ਖੁੰਝਣ ਨਾ ਜ਼ਰਾ
ਪਰ ਇਹ ਸਾਰਾ ਸਾਈਡ ਸ਼ਿਵ* ਤੇ ਅਸਲ ਕਹਾਣੀ ਦੂਜੀ
ਸਾਰਾ ਪਿੰਡ ਸੁਣੀਂਦਾ ਸਭ ਕੁਝ ਹਰ ਕੋਈ ਜਾਣੇ
ਦੱਸਣ ਯੋਗ ਨਾ ਕਾਇ
ਹਰ ਇਕ ਅੰਦਰ ਭਰੇ ਚੁਬੱਚੇ
ਢੱਕਣ ਕਿਹੜਾ ਲਾਹੇ

•

---

*ਸਾਈਡ ਸ਼ਿਵ: ਸ਼ੋਅ*



https://www.apnaorg.com

## ਕਪੂਰੀ ਰਿਓੜੀ ਕਿਉਂ ਕਰ ਲੜੇ ਪਤਾਸੇ ਨਾਲ਼

ਹਰ ਇਕ ਸ਼ੈਅ ਹੀ ਉੱਗਦਿਆਂ ਬਣਦਿਆਂ
ਘੜਵੀਆਂ ਜਿਣਸਾਂ
ਆਪਣੀ-ਆਪਣੀ ਬੋਲੀ ਬੋਲਣ
ਜਿਨ੍ਹਾਂ ਘਰਾਂ ਦੇ ਅੰਦਰ ਜਾਵਣ
ਆਪਣੀ 'ਵਾਜ ਦੇ ਤਵੇ ਭਰਾਵਣ
ਤਵੇ ਵਜੇਂਦਿਆਂ ਘਰਾਂ ਦੇ ਵਾਸੀ
ਤਵੇ ਸੁਣੀਂਦੇ ਟੇਪਾਂ ਹੋ ਗਏ
ਬਿਨ ਬਿਜਲੀ ਬਿਨ ਚਾਬੀ ਟੇਪਾਂ
ਚੱਲਦੀਆਂ ਜਾਵਣ
ਆਪ ਵਜੀਵਣ ਆਪ ਗੁਣੀਵਣ
ਆਲ਼ੇ-ਦੁਆਲ਼ੇ ਹਰ ਜੀਵਤ ਨੂੰ
ਬੋਲ਼ੇ ਕਰ-ਕਰ ਮੌਜ ਮਨਾਵਣ
ਲੱਡੂ ਮਿਸ਼ਰੀ ਬਰਫ਼ੀ ਹਰ ਦਮ
ਲੜਦੀਆਂ ਦਿਸਦੀਆਂ ਰਾਜ ਹੰਢਾਵਣ

•



https://www.apnaorg.com

## ਭਾਂਡੇ

ਭਾਂਡੇ ਪਏ ਪਰਛੱਤੀਆਂ ਉੱਪਰ
ਤਾਜ 'ਚ ਆਂਦੇ ਦਾਜ 'ਚ ਜਾਂਦੇ
ਖੱਟ ਵਿਚ ਬਹਿ ਨਿਕਾਹ ਪੜ੍ਹਾਂਦੇ
ਘਰ ਦਾ ਵੱਡਾ ਮਾਣ ਵਧਾਂਦਿਆਂ
ਬੁੱਢੜੇ ਹੋ ਗਏ
ਜਿਨ੍ਹਾਂ ਨਾਲ਼ ਇਹ ਆਵਣ-ਜਾਵਣ
ਉਨ੍ਹਾਂ ਨਾਲ਼ ਜੋ ਆਈਆਂ ਸੱਧਰਾਂ
ਗਾਚੀਆਂ ਸਨ ਜੋ ਕਿਸੇ ਵੀ ਥਾਵੇਂ
ਨਾ ਲੱਗੀਆਂ ਨਾ ਪੁੰਗਰ ਸਕੀਆਂ
ਸ਼ਗਨਾਂ ਦੇ ਜਾਦੂ ਮੰਤਰ ਵਿਚ
ਸ਼ਕਲ ਵਟਾ ਕੇ
ਗਾਚੀਆਂ ਸਾਬਣ ਵਾਲ਼ੀਆਂ ਬਣੀਆਂ
ਖੁਰ-ਖੁਰ ਰੁੜੀਆਂ
ਵਹਿਣੀਆਂ ਅੰਦਰ ਗਲ਼ੀਆਂ ਅੰਦਰ ਬੁੱਢੜੇ ਭਾਂਡੇ
ਇਕ ਪਰਛੱਤੀਓਂ ਦੂਜੀ ਉੱਤੇ
ਅਜ਼ਲ ਅਵਧ ਦੀਆਂ ਥਾਵਾਂ ਬਦਲਣ
ਪਰ ਨਾ ਦੱਸਣ
ਨਾਲ਼ ਆਈਆਂ ਦੇ ਦਰਦੀ ਕਿੱਸੇ

•



https://www.apnaorg.com

## ਪਰਦੇਸ

ਜੀਨ ਵਜੂਦ ਹਵਾ ਦਾ ਬੁੱਲਾ
ਦਿਸਦਾ ਨਾਹੀਂ ਪਰ ਸੁੰਘਿਆ ਜਾਵੇ
ਜੁੱਸੇ ਦੇ ਹਰ ਪੋਟੇ ਅੰਦਰ
ਚਿਣਗ ਸਵਾਹ ਦਾ ਓਹਲਾ
ਆਲ਼ੇ-ਦੁਆਲ਼ੇ ਪੰਖ-ਪੰਖੇਰੂ ਰੁੱਖ ਤੇ ਬੂਟੇ
ਆਪ ਉਗਾਏ
ਜਾਂ ਫਿਰ ਧਰਤੀ
ਆਪਣਾ ਪਿੰਡਾ ਆਪ ਸਜਾਵਣ ਕਾਰਨ
ਹਰ ਥਾਂ ਲੱਖਾਂ ਰੰਗੀਂ ਪੋਚੇ ਲਾਏ
ਇਹ ਸਭ ਆਪਣੀ ਬੋਲੀ ਬੋਲਣ
ਗਿਟਮਿਟ ਕਰਦੇ
ਮੈਂ ਵੀ ਇਨ੍ਹਾਂ ਨਾਲ ਹੀ ਜੰਮਿਆਂ
ਵੱਡਾ ਹੋਇਆ
ਇਨ੍ਹਾਂ ਵਿੱਚੋਂ ਇਕ-ਇਕ ਦਾ ਮੈਂ ਨਾਂਅ ਪਛਾਣਾਂ
'ਵਾ ਵਿਚ ਰਚਦੀ ਇਨ੍ਹਾਂ ਦੀ ਹਰ ਤਾਲ ਪਛਾਣਾਂ



https://www.apnaorg.com

ਪਰ ਪਰਦੇਸੀਂ ਉਮੜਦਾ ਵੱਡਾ ਟੋਟਾ ਟੁੱਟਿਆ
ਮੇਰੇ ਨਾਲ ਜੋ ਉੱਤੋਂ ਡਿੱਗਿਆ ਸਾਹ ਇਕੱਲਾ
ਏਥੇ ਪੰਛੀ, ਰੁੱਖ ਬੂਟੇ ਸਭ ਗ਼ੈਰ ਤੇ ਓਭੜ
ਇਨ੍ਹਾਂ ਦਾ ਮੈਂ ਨਾਮ ਨਾ ਜਾਣਾ
ਨਾ ਹੀ ਬੋਲੀ ਰਮਜ਼ ਪਛਾਣਾਂ
ਨਾ ਇਹ ਮੇਰੇ ਸ਼ਗਨ ਮਨਾਵਣ
ਨਾ ਹੀ ਮੇਰੇ ਮਰਨ 'ਤੇ
ਇਹ ਮਕਾਣੇ ਆਵਣ

•



https://www.apnaorg.com

## ਅਧੂਰੀ

ਜਦ ਤਕਦੀਰ ਦੇ ਨਾਵੇਂ
ਲਿਖਿਆਂ ਪੱਤਰਾਂ ਦੇ ਸਿਰਨਾਵੇਂ
ਥੱਕੇ ਬਹਿ ਮਦਾਮੀ ਪੱਕੇ
ਸਾਰੇ ਚਿੱਲੇ ਪੈ ਗਏ ਪੁੱਠੇ
ਚੇਤੇ ਪਾਟੇ ਅੱਧ ਪਚੱਧੇ
ਤੇ ਖ਼ਾਕ ਅਸਮਾਨੀ ਸੀਤੇ
ਭੱਠੀਆਂ ਅੰਦਰ ਇੱਟਾਂ ਭਾਂਡੇ ਰਹਿ ਗਏ ਪਿੱਲੇ
ਨਾ ਉਹ ਸੁੱਕੇ, ਨਾ ਉਹ ਗਿੱਲੇ
ਚਾਰੋਂ ਜਾ ਲਕੀਰਾਂ ਗੁੰਝਣ ਕੀਲੀਆਂ ਰੂਹਾਂ
ਸਰ ਸਭ ਨੀਲੀ ਗਾਰ ਦੇ ਖੋਭੇ ਦਲਦਲ
ਕੁਦਰਤ ਵਹੁਟੀ ਸ਼ਗਨਾਂ ਲਈ ਸਭ ਗੁੱਤੇ ਕਾਰੇ



https://www.apnaorg.com

ਗਲ ਘੋਟੂ ਸੱਪ ਮਛਲੇ ਮਾਰ ਅੜੰਗੀ ਬੈਠੇ
ਜਿਹੜੇ ਪੈਂਡੇ ਨਿਬੜਨ ਵਾਲ਼ੇ ਹੀਲੇ ਖ਼ਾਤਿਰ
ਲੱਕੜੀ ਕਾਠੀ ਪਾ ਕੇ ਟੁਰ ਪਏ
ਅੱਗੇ ਖੁੰਦ ਹਨੇਰਾ, ਫਨੀਅਰ
ਨਾ ਅੱਗੇ ਨਾ ਪਿੱਛੇ
ਠਰ-ਠਰ ਅੱਖੀਆਂ ਹੋਈਆਂ ਪੱਥਰ
ਇਕ-ਦੂਜੇ ਨੂੰ ਵੱਜੋ ਮਾਰੋ
ਮੀਢੀਆਂ ਤੇ ਛੱਤਿਆਂ ਦੇ
ਵੱਖਰੇ ਬੁਰਜ ਬਣਾਓ...

•



https://www.apnaorg.com

## ਗੂੰਗੀ ਸ਼ਾਇਰੀ

ਕੀ ਲਿਖਾਂ ਮੈਂ ਲਿਖ ਨਹੀਂ ਹੁੰਦਾ
ਡੂੰਘੀਆਂ ਕਵੀਆਂ ਵਾਲ਼ੀਆਂ ਰਮਜ਼ਾਂ
ਮੇਰੇ ਅੰਦਰ ਮਰੀਆਂ
ਜਾਂ ਫਿਰ ਕਦੀ ਨਾ ਜੰਮੀਆਂ
ਗੁੜ੍ਹਤੀ ਦੇਵਣ ਵਾਲਿਆਂ ਖ਼ਬਰੇ
ਭੁੱਲ-ਭੁਲੇਖੇ ਮੈਨੂੰ ਜ਼ਹਿਰ ਚਟਾਇਆ
ਮੈਨੂੰ ਫੁੱਲਾਂ ਵਰਗੇ ਰੰਗ ਖ਼ੁਸ਼ਬੂਆਂ
ਨਾ ਦਿਸਣ  ਨਾ ਮੇਰੀਆਂ ਨਾਸਾਂ ਸੁੰਘਣ
ਜਦ ਸਰ੍ਹੋਂ ਤੇ ਤਾਰਾ-ਮੀਰਾ
ਪੈਲ਼ੀਆਂ ਪੀਲ਼ੀਆਂ ਕਰ ਦਿੰਦੇ ਨੇ
ਮੈਨੂੰ ਦਿਸਦਾ
ਕਰਮੇ ਤੇਲੂ ਵਾਲ਼ਾ ਕੋਹਲੂ ਤੇ ਇਕ ਢੱਗਾ
ਜੋ ਅਜ਼ਲਾਂ ਤੋਂ ਖੋਪੇ ਬੰਨ੍ਹੀ ਭੌਂਦਾ ਆਇਆ
ਜਦੋਂ ਕਪਾਹੀਂ ਫੁੱਲਣ
ਮੇਰੀ ਅੱਖ ਵਿਚ ਖੁੱਭ ਜਾਂਦੀ ਹੈ
ਜੀਰਾਂ ਸਾਇਣ



https://www.apnaorg.com

ਉਸ ਦਾ ਪਾਟਾ ਝੱਗਾ
ਜਿਹੜੀ ਖ਼ਬਰੇ ਇਸ ਦੀ ਫੁੱਟੀ ਉੱਗ ਕੇ
ਢਕ ਏ ਲੱਕ ਦਾ ਲੂਸਿਆ ਪਾਸਾ
ਵੰਡੀਆਂ ਹੋਣ ਜਾਂ ਕਣਕਾਂ
ਜਿਨ੍ਹਾਂ ਨੂੰ ਲਹਿਲਹਾਉਂਦਾ ਕਹਿੰਦੇ
ਉਨ੍ਹਾਂ ਵਿਚ ਬੁਘਾਟ ਵੀ ਉੱਗਦਾ
ਵਾਢੇ, ਲਾਵੇ, ਗਾਹਵਣਹਾਰੇ ਅਤੇ ਉਡਾਵੇ
ਫਲ੍ਹਿਆਂ ਉੱਤੇ ਸਿਖਰ ਦੁਪਹਿਰੇ
ਮੇਰਾ ਪਿੰਡਾ ਕੰਡਾਂ ਸੱਲ੍ਹਿਆ
ਉੱਤੋਂ ਆਉਂਦਾ ਇਕ ਸਵਾ ਮੇਰੇ ਤੇ ਸੂਰਜ
ਸਭ ਕੁਝ ਪੰਘਰ-ਪੰਘਰ ਜਾਂਦਾ
ਮੈਨੂੰ ਇਸ ਦੇ ਵੱਢ ਵਿਚ ਦਿਸਣ
ਮੁੜ੍ਹਕੋ-ਮੁੜ੍ਹਕੀ ਟੱਬਰ ਸਣੇ ਨਿਆਣੇ ਰੁਲ਼ਦੇ
ਡਿਗ ਗਏ ਸਿੱਟੇ ਚੁਣਨ ਦੀ ਆਸੇ
ਜਦ ਗੁੜ ਦੀ ਪੱਤ ਫੁੱਟੀਂ ਪੈਂਦੀ
ਮੈਨੂੰ ਰੱਖਾ ਝੋਕਾ, ਖੁੱਡ ਵਿਚ ਨਜ਼ਰੀਂ ਆਵੇ



https://www.apnaorg.com

ਜਿਹੜਾ ਸੌ ਤੋਂ ਕੁਝ ਨਸਲਾਂ ਤੋਂ
ਚੁੰਭੇ ਅੰਦਰ ਝੋਕ-ਝੋਕ ਕੇ ਹੋ ਗਿਆ ਚੁੰਭਾ
ਏਹੋ ਜਿਹੀਆਂ ਲਿਖੀਆਂ ਤੇ ਕਵਿਤਾਵਾਂ ਹੋਵਣ
ਇਨ੍ਹਾਂ ਵਿਚ ਕੋਈ ਰਸ ਨਾ
ਜਿਹੜਾ ਲੋਰ ਦੁਆਏ
ਈਸਾ ਬਣ ਕੇ ਫੰਡੀਆਂ ਰੂਹਾਂ
ਜੀਵਤ ਕਰਨ ਦਾ ਲਾਰਾ ਲਾਏ

•



https://www.apnaorg.com

## ਜਿਸ ਸਿਆਹੀ ਤੂੰ ਲਿਖਿਆ ਹੈ

ਓਸ ਦੇ ਨਾਵੇਂ ਲਿਖੇ ਖ਼ਤ ਉਹਨੂੰ ਪਰਤਾਏ
ਓਸ ਕਿਹਾ ਜੋ
ਜਿਸ ਸਿਆਹੀ ਤੂੰ ਲਿਖਿਆ ਹੈ
ਮੇਰੀ ਐਨਕ ਪੜ੍ਹ ਨਹੀਂ ਸਕਦੀ
ਮੈਨੂੰ ਲੱਗਾ ਮੈਂ ਤੇ ਸਭ ਕੁਝ
ਆਪਣੇ ਨਾਂ ਹੀ ਲਿਖਿਆ ਸੀ
ਪਰ ਮੈਂ ਬੇਥਾਵਾਂ ਪਰਦੇਸੀ
ਕਿੱਥੇ ਸਾਂਭ ਕੇ ਰੱਖਣਾ ਸਾਰਾ ਲੱਲੜ-ਪੰਜਰ
ਉੱਤੋਂ ਸਿਰ 'ਤੇ
ਇਕ ਬੇਨਾਮੇ ਡੂੰਘ ਗ਼ਮ ਦਾ ਭਾਰ ਮਦਾਮੀ
ਜਿਸਦਾ
ਨਾ ਸਿਰਨਾਵਾਂ, ਨਾ ਨਿਸ਼ਾਨੀ, ਨਾ ਕੋਈ ਅੱਗਾ-ਪਿੱਛਾ
ਓਸ ਦੇ ਪਰਛਾਵੇਂ ਕਈ ਸ਼ਕਲਾਂ
ਭਰੀ ਜਵਾਨੀ ਮੁਸ਼ਕ ਲਪੇਟੀ
ਮੁਸ਼ਕੀ ਅੰਗਾਂ ਵਾਲ਼ੀਆਂ ਸ਼ਕਲਾਂ
ਵਿੱਚੋਂ ਸਭ ਭੁਲੇਖਾ, ਸਭ ਕੁਝ
ਆਪਣੇ ਨਾਲ਼ ਖਿਡਾਵਣ ਕੀਤੀ ਜੁੱਸੇ ਦੀ ਚਸ
ਜਿਉਂ ਸ਼ਰਾਬ ਤੇ ਭੰਗ ਅਮਲੀ ਦੇ ਅਮਲੀ ਖੇਡਾਂ ਰਚਦੇ



https://www.apnaorg.com

ਵੇਂਹਦਿਆਂ-ਵੇਂਹਦਿਆਂ ਟੁਰ-ਟਰ ਵੇਂਹਦਿਆਂ
ਸਦੀਆਂ ਲੰਘੀਆਂ
ਕਈ ਸੌ ਸਾਲਾਂ ਬੱਦਲ ਝੜੀਆਂ
ਤੰਬੂ, ਕਿਣਮਿਣ, ਕਦੀ ਛਰਾਟੇ, ਚੋਵੇ ਅੰਬਰ ਕਹਿਰੀ
ਬਿਨ ਸਾਹ ਕੱਢੇ ਵਰ੍ਹਦੇ ਜਾਂਦੇ
ਕੰਧਾਂ, ਕੋਠੇ ਢਾਂਦੇ ਜਾਂਦੇ
ਕਈ ਸੌ ਸਾਲਾਂ ਲੰਮੇ ਸੋਕੇ
ਧਰਤੀ ਲਾਵਾ, ਅੱਗ ਗਲੱਛੇ
ਸਾੜ-ਸਾੜ ਕੇ ਢੇਰੀਆਂ ਕਰਦੀ
ਲੂਸੇ ਪਿੰਡਿਆਂ, ਆਦਮ ਅਤੇ ਜਾਨਵਰ ਪੰਛੀ
ਖ਼ੂਹੀਂ ਵੜ ਗਏ, ਰੂਹਾਂ ਹੋਏ
ਮੈਂ ਨਿਥਾਵਾਂ ਬੁੱਢੜਾ ਪਾਂਧੀ
ਉਸ ਨੂੰ ਲਿੱਖੇ ਖ਼ਤ ਫਿਰ ਲਿੱਖਾਂ
ਹੋਰ ਸਿਆਹੀ ਅੰਦਰ ਜਿਹੜੀ
ਧੁੱਪਾਂ-ਛਾਵਾਂ ਝੜੀਆਂ ਸੋਕਿਆਂ ਨਾਲ਼
ਬਨੀਜੀ
ਅਜੇ ਵੀ ਕੋਈ ਸਿਰਨਾਵਾਂ
ਨਾ ਕੋਈ ਪਤਾ ਨਿਸ਼ਾਨੀ ਘੱਲਣ ਜੋਗੀ
'ਵਾ ਦੇ ਨਾਵਾਂ ਲਿਖਾਂ
ਜਿਹੜੀ ਬਿਨ ਐਨਕ ਏ ਪੜ੍ਹਨਾ ਜਾਣੇ

•



https://www.apnaorg.com

## ਜਾਣਾ ਤਾਂ ਪਿਆ ਇਕੱਲੇ

ਮੈਂ ਇਣਵਾਣਾ ਬਾਲਕ ’ਕੱਲਾ
ਸ਼ਹਿਰੀ ਅਜਬ ਹਵਾੜ੍ਹਾਂ ਤਾਈਂ ਕਿਵੇਂ ਜਰਦਾ
ਉਸ ਦੀਆਂ ਸੜਕਾਂ ਟੋਭੇ
ਮਰਦ, ਜ਼ਨਾਨੀਆਂ ਇਕ ਦੂਜੇ ਤੋਂ ਓਭੜ
.....ਮੇਰਾ ਦਿਲ ਬਹੁ ਡਰਦਾ

ਮੇਰੇ ਭਰੇ ਵਸੇਬੇ ਅੰਦਰ
ਹਰ ਇਕ ਸ਼ੈਅ ਦੀ ਕੁਝ ਸਿਫ਼ਾਤ ਤੇ ਨਾਂ ਹੁੰਦਾ ਹੈ
ਕੀੜੇ-ਕਾਢਿਆਂ ਦਾ ਵੀ ਕੋਈ ਥਾਂ ਹੁੰਦਾ ਹੈ
ਧਾੜੇ ਉੱਤੇ ਚਹਿਕਦੀਆਂ
ਚਿੜੀਆਂ ਦਾ ਇਕ ਸਮਾਂ ਹੁੰਦਾ ਹੈ
ਅਸਮਾਨਾਂ ’ਤੇ ਉੜਦੀਆਂ
ਭੁੱਖੀਆਂ ਇੱਲ੍ਹਾਂ ਵਿਹੜੇ ਕਾਂ ਹੁੰਦਾ ਹੈ
ਸੂਰਜ ਦੇ ਪਰਛਾਵੇਂ ਪੜ੍ਹ ਕੇ



https://www.apnaorg.com

ਵੇਲਾ ਮਿਣ-ਮਿਣਾਅ ਹੁੰਦਾ ਹੈ
ਭੱਠੀ ਬੈਠੇ ਬੇਪਰਵਾਹ ਮੁੰਡਿਆਂ ਦਾ
ਰੰਗ ਨਵਾਂ ਹੁੰਦਾ ਹੈ

ਇਨ੍ਹਾਂ ਸਭ ਨੂੰ ਲੈ ਕੇ ਕਿਹੜੇ ਸ਼ਹਿਰੀਂ ਜਾਵਾਂ
ਕਿੱਥੇ ਬੰਨ੍ਹਾਂ ਬੂਰੀ ਝੋਟੀ
ਕਿੱਥੇ ਖੋਜੀ ਮਨ ਪਰਚਾਵਾਂ
ਬਹੁਤਾ ਚਿਰ ਤੇ ਰਹਿ ਨਹੀਂ ਸਕਦਾ ਕੋਈ ਨਿਥਾਵਾਂ
ਮੈਣੀ ਬੂਰੀ ਝੋਟੀ ਨਵੀਂ ਹੋਈ ਫਿਰ ਨਿੱਤਰੀ
ਮੀਆਂ ਚੰਨੂੰ ਵਾਲ਼ਾ ਢੱਗਾ
ਲੱਕ ਤੋਂ ਲੂਸਿਆ ਔਖਾ ਮਾਰੂ
ਉਤਲੀ ਬਾਹੀ ਵਗਣ ਤੋਂ ਭਾਰੂ



https://www.apnaorg.com

ਬੱਛੇ ਜੰਮਦੀਆਂ ਗਾਵਾਂ
ਫ਼ਸਲਾਂ ਵਾਹੁਣ ਦਾ ਦਾਰੂ
ਪਿੰਡ ਦੇ ਬਾਹਰ ਰੜਿਆਂ ਅੰਦਰ
ਕਰੱਹੀਆਂ ਜੰਗਾਂ ਥੱਲੇ ਵਸਦੀ
ਬੰਦਿਆਂ ਹੱਥੀਂ ਸਰਜੀ ਹੋਈ ਅਣਮੂੰਹ ਖ਼ਲਕਤ
ਜਦ ਚਾਰਵਣ ਉਨ੍ਹਾਂ ਪੈਰੀਂ
ਘੁੰਗਰੂ ਬੰਨ੍ਹ ਨਚਾਵਣ
ਰੋਗੀਂ ਮੰਦੇ ਦੇਂਹ ਉਨ੍ਹਾਂ ਦੇ ਪੱਲੇ ਪਾਵਣ
ਚੜ੍ਹੀ ਜਵਾਨੀ ਕੁੜੀਆਂ ਉਨ੍ਹਾਂ ਸਦ ਸਦਾਅ ਕੇ
ਆਪਣੇ-ਆਪ ਨੂੰ ਦੰਦਲ ਪਾਵਣ
ਓਹੋ ਜੰਮਣ ਓਹੋ ਗੋਰਸਤਾਨ ਬਣਾਵਣ
ਦਿਲ ਇਕ ਸਦਾ ਡਰਾਕਲ ਖੋਜੀ
ਹਰ ਇਕ ਦੀ ਸੂਹ ਲੈ ਕੇ, ਸੰਨ੍ਹਾਂ ਮਾਰਨ ਲੋੜੇ



https://www.apnaorg.com

ਸਿਖਰ ਦੁਪਹਿਰੇ, ਰਾਤੀਂ ਘੁੱਪ-ਹਨੇਰੇ ਅੰਦਰ
ਉਨ੍ਹਾਂ ਦੀ ਟੋਹ ਲੈ-ਲੈ
ਆਪ ਤ੍ਰਹਿੰਦਾ
ਲੁਕਣ-ਮੀਟੀ ਖੇਡੇ
ਏਹੋ ਅੰਦਰੋਂ ਟੁਰਦੇ ਜੀਵਨ ਦਾ ਤੱਤ ਸੱਚ
ਏਹੋ ਦਿਨ ਤੇ ਰਾਤ ਬਣਾਵੇ ਝੇੜੇ
ਇਹ ਇਕ ਪੂਰਾ ਵੇਲ਼ਾ ਜੁੜਿਆ ਯੁੱਗ ਜੀਵਣ ਦਾ
ਮੇਰੀ ਹਸਤੀ ਦਾ ਇਹ ਰਾਵਣ
ਮੇਰੀ ਇਸ ਸੰਸਾਰ 'ਚ ਥਾਂ ਦਾ

•



https://www.apnaorg.com

## ਮੌਤ ਦਾ ਡਰ

ਗੋਰਸਤਾਨ ਦੀ ਨੁੱਕਰ ਮੱਲ ਖਲੋਤਾ ਪਿੱਪਲ
ਬਰਸ ਕਦੀਮੀਂ ਸਾਵਾਂ ਝਾਟਣ
ਇਸ ਦੇ ਥੱਲੇ ਸਦੀਆਂ ਹੋਈਆਂ
ਨਾ ਕੋਈ ਬੂਟਾ ਨਾ ਫੁੱਲ ਜੰਮਿਆਂ
ਇਸ ਦੀ ਸੰਘਣੀ ਛਾਂ ਹਨੇਰੇ
ਬੁੱਸੀਆਂ, ਰੁੱਖੀਆਂ, ਸੁੱਕੀਆਂ
ਮੰਗੀਆਂ ਖਾਵਣ ਵਾਲ਼ੇ
ਅਬਦੀ, ਅਮਲੀ, ਵੈਲੀ ਰੋਜ਼
ਤਰੱਕੀਆਂ ਚਗਲ਼ੀਆਂ ਬਾਤਾਂ ਪਾਉਂਦੇ
ਤੰਗ ਚਰਸਾਂ ਦੇ ਲੋਰ 'ਚ
ਸੁੱਕ ਕੇ ਤੀਲਾ ਬਣ-ਬਣ
ਕਬਰਾਂ ਦੀ ਮਿੱਟੀ ਵਿਚ ਮਿੱਟੀ ਹੋ-ਹੋ ਜਾਂਦੇ
ਜੇਕਰ ਮੌਤ ਦਾ ਭਉ ਬੰਦਿਆਈ ਬਣ ਸਕਦਾ
ਸਿਰ 'ਤੇ ਹਿਰਸ ਦਾ



https://www.apnaorg.com

ਕਹਿਰੀ ਵਹਿਸ਼ੀ ਬੱਦਲ਼ ਅਣਮੁੱਕ
ਝੜੀਆਂ ਦੇ ਤੰਬੂਆਂ ਨੂੰ ਪੁੱਟ ਕੇ ਵਿਥ ਜਾਂਦਾ
ਕਦੀ ਤਾਂ ਆਸਮਾਨ ਦਾ ਟੋਟਾ ਦਿਸ ਜਾਂਦਾ
ਕਦੀ ਤਾਂ ਪਿਛਲੀ ਰਾਤ ਦੀ ਖਿੱਤੀ ਵੀ ਦਿਖ ਪਾਉਂਦਾ
ਪਰ ਇਹ ਭਉ ਦਾ ਹੋਕਾ ਮਨ-ਪਰਚਾਵਣ ਸੀ
ਡਰੀਆਂ ਰੂਹਾਂ ਨੂੰ ਹੀ ਹੋਰ ਡਰਾਵਣ ਸੀ
ਜਿਨ੍ਹਾਂ ਡਰਾਉਣ ਕੀਤੇ ਉਹ ਤੇ ਡਰਦੇ ਨਾ
ਕਾਵਾਂ ਆਖੇ ਢੋਰ ਕਦੀ ਵੀ ਮਰਦੇ ਨਾ
ਜੀਵਨ-ਜਾਚ ਦੀ ਰਾਹ ਅਵੱਲੜੀ ਵੱਖਰੀ ਹੈ
ਬੰਨ ਹਨੇਰ ਮਕਾਨਾਂ ਦੀ ਝੀਥਾਂ 'ਚੋਂ
ਕੁਝ-ਕੁਝ ਕਿਸੇ-ਕਿਸੇ ਨੂੰ ਦਿਸਦੀ ਹੈ
ਰਾਂਝੇ ਦੀ ਮੁਰਲੀ ਦੇ ਅੰਦਰ
ਜੋਗ ਰਚਾਵਣ ਰਚਦੀ ਹੈ
ਸਾੜ ਕਬੂਲਾ ਥੇਹ ਕਰ ਦੇਵਣ ਦੱਸਦੀ ਹੈ
ਮਾਰ-ਮਾਰ ਕੇ ਨਵੀਂ ਵਸਾਵਣ ਵਸਦੀ ਹੈ

•



https://www.apnaorg.com

## ਸਿਰਜਣਾ

ਜਦ ਤੱਕ ਦਿਲ ਦੇ ਅੰਦਰ ਰਹਿੰਦੀ
ਧਰਤੀ-ਸੀਨੇ ਬੀਅ ਦੇ ਵਾਂਗੂੰ
ਆਪ ਵਿਹੂਣੀ ਅੰਦਰ-ਅੰਦਰ
ਨਿੱਸਰਦੀ ਜਰ ਲਾਉਂਦੀ ਹੈ
ਕੁਸ਼ਤੇ ਮਾਰ ਧੂੰਏਂ ਦੇ ਅੰਦਰ
ਆਪਣੀ ਅਮਲ ਵਟਾਉਂਦੀ ਹੈ
ਇਸ਼ਕ ਅੰਗੀਠੀ ਭਖਦੀ-ਭਖਦੀ
ਦਿਲ ਵਿਚ ਪੱਥਰ, ਰੋੜੇ, ਵੱਟੇ
ਸੇਕ-ਸੇਕ ਪੰਘਲਾਉਂਦੀ ਹੈ
ਵੇਲੇ ਦੇ ਦਰਿਆ ਵਿਚ ਸਿੱਧੀ ਤਾਰੀ ਲਾਉਂਦੀ ਘੁੰਮਦੀ
ਘੁੰਮਣ-ਘੇਰ ਬਣਾਉਂਦੀ
ਆਖ਼ਿਰ ਹੜ੍ਹ ਬਣ ਜਾਂਦੀ ਹੈ
ਜਦ ਇਹ ਬੂਟਾ ਬਣ ਕੇ ਨਿਕਲ਼ੇ
ਮੱਝਾਂ ਚਾਰੇ ਕੰਨ ਪੜਵਾਏ



https://www.apnaorg.com

ਜਿੰਨੇ ਲਾਰੇ ਬੁੱਤੇ ਲਾਏ
ਸਮਿਆਂ ਦੀ ਅੱਗ ਠਾਰ ਹਨੇਰਿਆਂ
ਬੱਦਲ਼ਾਂ ਗਰਜਾਂ ਲਿਸ਼ਕਾਂ ਸੋਕੇ
ਬਹਿਰਾਂ ਦੀ ਘੁੰਮਕਾਰੀ ਲਹਿਰਾਂ
ਸਾਰੇ ਇਸ ਦੇ ਸੱਜਣ-ਦੁਸ਼ਮਣ
ਲਾ-ਸ਼ਰੀਕਾਂ ਵਾਲ਼ੀ ਹੋ ਬਹਿੰਦੀ ਹੈ
ਆਪਣੇ-ਆਪ ਈ ਅੱਖ ਬੇਗਾਨੀ
ਲੋਅ ਥੈਂਦੀ ਹੈ

•



https://www.apnaorg.com

## ਬੜਕ

ਤੇਰੇ ਕੌਲ-ਕਰਾਰਾਂ ਕੀਤੇ
ਤੇਰੇ ਆਉਣ ਦੇ ਹੋ ਗਏ ਵੇਲੇ
ਕਨਫਾਈ ਹਕੂਨ* ਦੇ ਰੌਲ਼ੇ-ਗੌਲ਼ੇ
ਜਿਹੜਾ ਤੇਰਾ ਛੱਲਾ ਸਾਥੋਂ
ਖੁੱਸ ਵੰਞਿਆ ਸੀ
ਸਾਂਝੀ ਭਾਲ਼ ਤੇ ਜਾਰੀ ਕੀਤੇ
ਲੱਭ ਘਿੰਨਿਆਂ ਏ
ਤੂੰ ਦੱਸਿਆ ਸੀ ਤਦ ਤੂੰ ਆਸੇਂ
ਜਦ ਦੋਜ਼ਖ਼ ਤੇ ਜੰਨਤ ਹਿੱਕ ਨਾਲ਼
ਹਿੱਕ ਜੋੜ ਕੇ ਇਕ ਹੋ ਜਾਸਣ
ਜਦ ਦਰਿਆ ਦੇ ਦੋ ਕੰਢੇ ਜੱਫੀ ਘਰਸਣ
ਝੜਤ ਹਨੇਰ ਦੇ ਲਾਖੇ ਪਿੰਡੇ ਅੱਗ ਚੁਆਤੀ
ਲਹਿੰਦਿਓਂ-ਲਹਿੰਦਿਓਂ ਚਾਨਣ ਕਰਸੀ

---

*ਕਨਫਾਈ ਹਕੂਨ : ਹੋ ਜਾ*



https://www.apnaorg.com

ਲੋੜਾਂ-ਥੋੜਾਂ ਬਾਂਦਿਆਂ ਦੀ ਥਾਂ
ਤੂੰ ਖ਼ੁਦ ਆਪਣੇ ਹੱਥੀਂ ਵੰਡ ਸੇਂ
ਤੂੰ ਭੱਖੀ ਘਸਮੈਲ਼ੀ 'ਵਾ ਵਿਚ
ਤੇਰੀ ਬਿੜਕ ਅਸਾਡੇ ਬੂਹੇ
ਆਈ ਹੈ ਖ਼ੁਸ਼ਬੂ ਵਾਂਗਰ
ਘਰੀਂ ਇੰਞਾਣੇ ਹਾਸਿਆਂ ਅੰਦਰ
ਤੇਰੇ ਸ਼ਗਨਾਂ ਦੀ ਤਿਆਰੀ

•



https://www.apnaorg.com

## ਖ਼ਿਆਲ

ਕਦੇ ਕਦਾਈਂ ਭਾਦੋਂ ਦੇ ਮੀਂਹ
ਝੰਬੀਆਂ ਹੁੰਮਸੜ ਨਾੜਾਂ ਵਿੱਚੋਂ
ਰੂੜੀਆਂ ਉੱਤੇ ਖੁੰਬਾਂ ਬਣ ਕੇ ਜੰਮ ਪੈਂਦਾ ਹੈ
ਜਿਵੇਂ ਰੜਿਆਂ ਅੰਦਰ
ਕੱਛੂਕੁੰਮਾ ਜਾਂ ਕੋਈ ਕੰਡਿਆਲ਼ਾ ਚੂਹਾ
ਐਵੇਂ ਫਿਰਤੂ ਬਾਲਾਂ ਹੱਥੀਂ ਆ ਬਹਿੰਦਾ ਹੈ
ਆਪਣੀ ਬੇਪਰਵਾਹ ਮਸਤਾਨੀ ਟੋਰ ਲਟਕਦਾ
ਕੂੰਜਾਂ ਨਾਲ਼ ਇਹ ਵਰ੍ਹਿਆਂ ਬੱਧੀ
ਆਂਡੇ ਬੱਚੇ ਦੇ, ਪਰਦੇਸੀਂ ਟੁਰ ਜਾਂਦਾ ਹੈ
ਕਾਵਾਂ, ਇੱਲ੍ਹਾਂ, ਭੌਂਦੂ ਕੁੱਤਿਆਂ ਦੇ ਢਿੱਡ ਭਰਦਾ
ਰਾਤਾਂ ਨੂੰ ਇਹ
ਚਾਮ-ਚੜਿੱਕਾਂ, ਉੱਲੂਆਂ ਚੋਰਾਂ ਨਾਲ਼ ਜਗੇਂਦਾ
ਇਕ ਦੇਂਹ ਛਿੰਜ ਵਿਚ



https://www.apnaorg.com

ਮਾਲੀ ਗੱਡ ਖਲੋ ਵੇਂਹਦਾ
ਇਕ-ਇਕ ਲਲਕਰ
ਇਹਦਾ ਜੁੱਸਾ, ਇਹਦਾ ਰੋਹ ਵਧਾਂਦੀ ਜਾਵੇ
ਇਸ ਯੋਧੇ ਨਾਲ਼
ਜਿਹੜਾ-ਜਿਹੜਾ ਸਿੰਙ ਫਸਾਵੇ
ਖੇਹ ਵਿਚ ਖੇਹ ਹੋ ਜਾਵੇ

•



https://www.apnaorg.com

## ਰਹਿੰਦੀ ਰਾਤ ਨੂੰ ਸੰਨ੍ਹ ਲਾਵਣ ਦੇ

ਰਹਿੰਦੀ ਰਾਤ ਨੂੰ ਸੰਨ੍ਹ ਲਾਵਣ ਦੇ
ਕਿੰਨੇ-ਕਿੰਨੇ ਢੰਗ ਏ ਪਾਏ
ਊਰ ਦੀ ਪੋਚੀ ਤਖ਼ਤੀ ਉੱਤੇ
ਕਿੰਨੇ ਨਕਸ਼ੇ ਵਾਹੇ ਢਾਏ
ਕਿੰਨੀ ਵਾਰੀ ਨਵੀਂ ਸਵੇਰ ਦੇ
ਆਪਣੇ-ਆਪ ਨੂੰ ਲਾਰੇ ਲਾਏ
ਓਸਦੀ ਬਿੜਕ ਦੇ ਪਏ ਭੁਲੇਖੇ
ਕਿੰਨੀ ਵਾਰੀ
ਓਸ ਦੇ ਆਉਣ ਦੇ ਸ਼ਗਨ ਮਨਾਏ, ਮਨ ਪਰਚਾਏ

•



https://www.apnaorg.com

## ਸਦਾਈਂ ਝੱਲਾ

ਵੇਲੇ ਸਾਬਿਤ ਕੀਤਾ ਉਹ ਤੇ ਝੱਲਾ ਸੀ
ਸਾਰੀ ਰਾਤ ਉਹ ਬਿਜਲੀ ਦੇ ਖੰਭੇ ਦੇ ਥੱਲੇ
ਹੁਸਨ ਚੁਬਾਰਾ ਤੱਕ-ਤੱਕ ਰੋਂਦਾ ਜਾਂਦਾ ਸੀ
ਉਹ ਤੇ ਸਦਾ ਇਕੱਲਾ ਸੀ
ਕਦੇ ਮਸੀਤੇ, ਹੁਜਰੇ ਬਹਿੰਦਾ
ਸਾਈਕਲ ਉੱਤੇ ਸੜਕਾਂ ਗਾਹੁੰਦਾ
ਪਲ-ਪਲ ਨਵੀਂ ਕਹਾਣੀ ਘੜਦਾ ਰਹਿੰਦਾ ਸੀ
ਉਨ੍ਹਾਂ ਦੇ ਇਕ-ਇਕ ਪਾਤਰ ਸੰਗ
ਹੱਸਦਾ-ਖੇਡਦਾ ਜਿਊਂਦਾ-ਮਰਦਾ ਰਹਿੰਦਾ ਸੀ
ਗਲੀਆਂ ਅੰਦਰ ਹੋਕੇ ਦੇ-ਦੇ
ਸਭ ਜ਼ੰਗਾਲੇ ਭਾਂਡੇ ਕਲੀ ਕਰੇਂਦਾ ਸੀ
ਨਿੱਕੀਆਂ ਉਮਰੀਂ ਬੁੱਢੜੇ ਹੁੰਦੇ
ਬੰਦੇ ਨਵੇਂ ਬਣੇਂਦਾ ਸੀ
ਕੱਚੀਆਂ-ਪੱਕੀਆਂ ਲੱਗੀਆਂ ਸਦਾ ਨਿਭੇਂਦਾ ਸੀ
ਤੋੜ ਚੜ੍ਹੇਂਦਾ ਜਾਨ ਵਕੇਂਦਾ ਸੀ
ਆਸ਼ਿਕ ਤੇ ਵਰਿਆਮ ਦੀ ਕਬਰ ਉਡੀਕਣ ਵਾਲ਼ੇ
ਕਿੱਸੇ ਨੂੰ ਦੁਹਰਾਂਦਾ ਸੀ

•



https://www.apnaorg.com

## ਡਰ

ਜੋ ਕੋਹ-ਕਾਫ਼ ਮੈਂ
ਤੁਰ-ਤੁਰ ਪੱਧਰੇ ਕੀਤੇ ਸਨ
ਉਨ੍ਹਾਂ ਥੱਲੇ ਲੈ ਕੇ ਮੇਰੇ ਬੁੱਲ੍ਹ ਸੀਤੇ ਸਨ

ਜਿਹੜੇ ਰਿੱਛ ਮੈਂ ਨੱਥਾਂ ਪਾ ਨਚਾਏ ਸਨ
ਉਨ੍ਹਾਂ ਆ ਕੇ ਮਾਰੂ ਜੱਫੇ ਪਾਏ ਸਨ

ਕਿੱਧਰੋਂ ਆ ਕੇ ਕਿਵੇਂ ਅੰਦਰ ਬਹਿ ਗਏ ਸਨ
ਸਾਰੇ ਚਲੇ ਗਏ, ਇਹ ਏਥੇ ਰਹਿ ਗਏ ਸਨ

ਮੈਂ ਜਾਗਾਂ ਇਹ ਮਾਰ ਘੁਰਾੜੇ ਸੌਂਦੇ ਨੇ
ਮੈਂ ਸੌਨਾਂ ਇਹ ਜੱਲੀਆਂ ਪਾਉਂਦੇ ਗੌਂਦੇ ਨੇ

ਅੰਦਰ ਜਿਹੜੇ ਵੜ ਗਏ ਬਾਹਰ ਜਾਂਦੇ ਨਹੀਂ
ਡਰ ਰੂਹਾਂ ਦੇ ਆਪਣੇ ਸ਼ਕਲ ਵਿਖਾਂਦੇ ਨਹੀਂ

•



https://www.apnaorg.com

## ਕਰੋਨਾ ਵਾਇਰਸ

ਚਹੁੰ ਤਰਫ਼ਾਂ ਤੋਂ ਕਾਲ ਬੁਲੇਂਦੀ
ਮੌਤ ਦੇ ਦਾਅਵੇ, ਪੰਖੂਆਂ ਅਤੇ ਹਵਾਵਾਂ ਵਾਂਗਰ
ਇਸ ਦਾ ਕੋਈ ਨਾਮ ਨਾ ਲੇਖਾ
ਹੱਦਾਂ ਜਿਹੜੀਆਂ ਮੂਰਖਾਂ ਵਲ਼ੀਆਂ
ਉਨ੍ਹਾਂ ਢਾਵੇ
ਨਸਲਾਂ, ਵਤਨਾਂ, ਜਾਤਾਂ ਵਾਲ਼ੇ
ਉੱਘੋਂ-ਸੁੱਘੋਂ ਬੀਅ ਮੁਕਾਵੇ
•



https://www.apnaorg.com

# ਮੈਂ ਤੇ ਉਹ

ਮੁੱਖ ਤੇ ਚਾਕਣਾਂ ਯਾਰਾਂ ਵਾਲ਼ਾ
ਅੱਖ ਵਿਚ ਬੇਪਰਵਾਹੀ ਸੀ
ਧੁੱਪ ਵਿਚ ਜਿਵੇਂ ਗੁੰਨ੍ਹ ਹਨੇਰਾ
ਸ਼ਾਮ ਸੁਣਾਉਣੀ ਆਈ ਸੀ
ਨਾ ਉਸ ਨੇ ਦਿਲਦਾਰੀ ਕੀਤੀ
ਨਾ ਹੀ ਉਹ ਹਰਜਾਈ ਸੀ
ਉਸ ਦਾ ਵਸਲ ਹਿਜਰ ਦਾ ਹੌਕਾ
ਦਰਦਾਂ ਭਰੀ ਜੁਦਾਈ ਸੀ
ਪਤਾ ਹੀਂ ਕਿਉਂ ਮੇਰਾ ਉਸ ਦਾ
ਰਸਤਾ ਐਡਾ ਸਾਂਝਾ ਸੀ
ਨਾ ਉਹ ਮੇਰੀ ਹੀਰ ਸਿਆਲਣ
ਨਾ ਮੈਂ ਉਸ ਦਾ ਰਾਂਝਾ ਸੀ

•



https://www.apnaorg.com

## ਅੱਲਾ ਵਾਲੀ

ਬਾਹਰ ਝੰਡਾ ਮਜ਼ਹਬ ਵਾਲ਼ਾ
ਅੰਦਰ ਹੱਟ ਦਲਾਲੀ
ਘਰੀਂ ਵਸਾਈ ਚਾਚੇ ਦੀ ਧੀ
ਦਿਲ ਦੇ ਅੰਦਰ ਸਾਲ਼ੀ
ਸਾਵੀ ਚਾਦਰ ਲੈ ਬਿਸਤਰ 'ਤੇ
ਤਸਬੀ ਕਰੇ ਜੁਗਾਲ਼ੀ
ਠੇਕਾ ਦੁਨੀਆ ਨਾਲ਼ ਮੁਕਾਇਆ
ਅਰਸ਼ਾਂ ਨਾਲ਼ ਭਿਆਲ਼ੀ
ਇਕ-ਇਕ ਸ਼ੈਅ 'ਤੇ ਕਬਜ਼ਾ ਆਪਣਾ
ਬਾਕੀ ਅੱਲਾ ਵਾਲੀ

•



https://www.apnaorg.com

## ਮਾਕੂਲਾ ਸ਼ਾਇਰ

ਜੰਗਲ਼ ਦੀ ਖ਼ੁਸ਼ਬੂ ਵਰਗੀ, ਮਹਿਕਾਰ ਨਾ ਕੋਈ
ਥਲ ਵਿਚ ਨਕਸ਼ ਨਿਗਾਰ ਬਣਾਉਂਦੀ
'ਵਾ ਜਿਹਾ ਫ਼ਨਕਾਰ ਨਾ ਕੋਈ
ਗੁਰੂ ਹਜ਼ਾਰਾਂ ਲੱਖਾਂ ਏਥੇ
ਹਰਾ ਜਿਹਾ ਗੁਰਸਾਰ ਨਾ ਕੋਈ
ਲੋਭੀਆਂ ਅਤੇ ਕਰੋਧੀਆਂ ਵਰਗਾ
ਦੁਨੀਆ 'ਤੇ ਬੀਮਾਰ ਨਾ ਕੋਈ
ਮਾਰਨ ਲਈ ਬੇਦੋਸਿਆਂ ਭੁੱਖਿਆਂ
ਧਰਮ ਜਿਹਾ ਹਥਿਆਰ ਨਾ ਕੋਈ
ਮੇਰੀ ਸੋਚ ਦੀਆਂ ਹੱਦਾਂ ਤੋਂ
ਵੱਖਰਾ ਇਹ ਸੰਸਾਰ ਨਾ ਕੋਈ
ਧਰਤੀ ਹੇਠ ਨੇ ਡੂੰਘਾਂ ਘੜੀਆਂ
ਦਿਲ ਜਿਹਾ ਡੂੰਘਾ ਗ਼ਾਰ ਨਾ ਕੋਈ

•



https://www.apnaorg.com

•

ਦਿਲ ਦੀ ਬੁੱਕਲ ਮਾਰ ਕੇ
ਕੱਜਿਆ ਨੰਗਾ ਸਰੀਰ
ਕੱਚਾ ਭਾਂਡਾ ਖੁਰ ਗਿਆ
ਜੋ ਉਸਦੀ ਤਕਦੀਰ

ਤਰਦੀ ਰਹੀ ਝਨਾ ’ਤੇ
ਜੁੱਸੇ ਦੀ ਇਕ ਲੀਰ
ਆਪਣਾ ਮਾਸ ਖੁਆਣ ਹੁਣ
ਕੀਹਨੂੰ ਸੰਤ ਫ਼ਕੀਰ

•



https://www.apnaorg.com

•

ਮੋਟਾ ਚੰਮ ਗ਼ਰੀਬ ਦਾ
ਜੁੱਤੀ ਲਉ ਬਣਾ
ਇੱਜ਼ਤ ਉਸਦੀ ਪੇਤਲੀ
ਬਿਸਤਰ ਪਉ ਵਿਛਾਅ

ਹੱਡੀਆਂ ਉਸਦੀਆਂ ਬਾਲ਼ ਕੇ
ਸੇਕੋ ਅੱਗ ਦਾ ਤਾਅ
ਚੜ੍ਹਦੇ ਮਿਰਜ਼ੇ ਖ਼ਾਨ ਨੂੰ
ਜੱਟ ਵੰਝਲ ਦਏ ਸੁਝਾਅ

•



https://www.apnaorg.com

•

ਫ਼ਸਲਾਂ ਗੱਡੀਆਂ ਖਾਣ ਲਈ
ਅੰਦਰ ਨਾਗ ਪਲ਼ੇ
ਇਕ-ਇਕਬੂਟੇ ਮੌਤ ਦੇ
ਜ਼ਹਿਰੀ ਨਾਗ ਚੜ੍ਹੇ

ਨੰਗਾ ਪਿੰਡਾ ਖ਼ਲਕ ਦਾ
ਕਿਹੜਾ ਕੱਜੇ ਆ
ਇਕ-ਇਕ ਕਰ ਕੇ ਮਾਂਦਰੀ
ਸੱਪਾਂ ਲਏ ਰਲਾਅ

•



https://www.apnaorg.com

•

ਕਣਕਾਂ ਦਾ ਬੀਅ ਬੀਜਿਆ
ਉੱਗਿਆ ਨਿਰਾ ਬੁਘਾਟ
ਚਾਨਣ ਦੀ ਥਾਂ ਸਾੜਦੀ
ਘਰ ਦੀਵੇ ਦੀ ਲਾਟ

ਧਰਤੀ ਫਾਵੀ ਹੋ ਗਈ
ਜੰਮ ਸਤਮਾਂਹੇਂ ਬਾਲ
ਵੱਧਦੇ ਜਾਂਦੇ ਹੋਂਦ ਦੇ
ਮੁੱਢਲੇ ਸਭ ਸਵਾਲ

•



https://www.apnaorg.com

## ਹਾੜ੍ਹਾ

ਕਾਵਾਂ ਵੇ ਤੂੰ ਸਾਡਾ ਬਾਣੀ
ਸਾਡੇ ਨਾਲ਼ ਤੂੰ ਲੱਖ ਵਰ੍ਹਿਆਂ
ਉਮਰਾ ਜਾਲੀ
ਸਾਡੇ ਨਾਲ਼ ਤੂੰ ਕਾਲ਼ੇ-ਚਿੱਟਿਆਂ
ਹੋਂਦੀਆਂ ਵੇਖੀਆਂ
ਸਤਲੁਜ, ਰਾਵੀ ਖੰਡਰ ਹੁੰਦੇ ਤੱਕੇ
ਕਾਵਾਂ ਵੇ ਤੂੰ ਸਾਡਾ ਮਹਿਰਮ
ਸਾਡਾ ਜਾਨੀ
ਸਾਡੇ ਅੰਦਰ ਬਾਹਰ ਦੇ ਕੂੜੇ ਦਾ
ਤੂੰ ਹੀ ਜ਼ਾਮਨ
ਸਾਡੇ ਨਾਲੋਂ ਵੱਧ ਤੂੰ ਜਾਣੇਂ
ਸਾਡੀ ਕਥਾ-ਕਹਾਣੀ

ਕਾਵਾਂ ਵੇ ਤੂੰ ਸਾਡਾ ਰਹਿਬਰ
ਬਹਿਰ ਸਮੁੰਦਰੀਂ ਜਦ ਤੂਫ਼ਾਨੀ
ਡੁੱਬਦੇ ਬੇੜੇ



https://www.apnaorg.com

ਤੇਰੀ ਇੱਕ ਉਡਾਰੀ ਪਿੱਛੇ
ਮਿਲ਼ਦੇ ਭੋਇੰ ਦੇ ਘੇਰੇ

ਕਾਵਾਂ ਵੇ ਹੁਣ ਮੋੜ ਮੁਹਾਰਾਂ
ਮੈਨੂੰ ਲੈ ਚੱਲ
ਉਨ੍ਹੀਂ ਬਹਿਰ ਸਮੁੰਦਰੀਂ ਜਿੱਥੇ
ਮੈਂ ਧਰਤੀ ਨੂੰ ਧੋ-ਧੋ ਮਾਂਜਾਂ
ਨਵੀਂ ਬਣਾਵਾਂ
ਫੇਰ ਤੂੰ ਜਦ ਬੋਲੇਂਗਾ
ਆ ਬਨੇਰੇ ਉੱਤੇ
ਆਵਣ ਵਾਲ਼ਿਆਂ ਮਿੱਤਰਾਂ ਨਾਲ਼ ਮੈਂ
ਸ਼ਗਨ ਮਨਾਵਾਂ
ਤੈਨੂੰ ਆਪਣੇ ਤਨ ਦਾ
ਮਾਸ ਖੁਆਵਾਂ

•



https://www.apnaorg.com

## ਰਾਤ ਸੁਨੇਹੇ ਘੱਲਦੀ ਦੇਂਹ ਨੂੰ

ਰਾਤ ਸੁਨੇਹੇ ਘੱਲਦੀ ਦੇਂਹ ਨੂੰ
ਆ ਸੱਜਣਾ ਤੇਰਾ
ਧੂੜੋ-ਧੂੜ ਮੈਂ ਮੱਥਾਂ ਚੁੰਮਾਂ
ਤੇਰੇ ਲਹੂ ਲਬੇੜੇ
ਚਿੱਕੜੋ-ਚਿੱਕੜੀ ਤਨ ਨੂੰ
ਅਰਕ ਗੁਲਾਲ ਦਾ ਗ਼ੁਸਲ ਦਿਆਂ
ਤੈਨੂੰ ਪਾ ਗਲਵਕੜੀ ਸੌਵਾਂ
ਤੇਰੇ ਜੁੱਸੇ ਅੰਦਰ ਏਹ ਬੀਅ ਬੀਜਾਂ
ਜਿਹੜਾ ਅੰਦਰੋ-ਅੰਦਰੀ ਫੁੱਲੇ
ਅੱਖੀਆਂ ਵਾਲ਼ਿਆਂ ਅੰਨ੍ਹਿਆਂ ਨੂੰ ਕਰ ਦਏ
ਅੰਨ੍ਹਿਆਂ ਦੇਵੇ ਅੱਖੀਆਂ



https://www.apnaorg.com

ਤੇਰੀ ਮਹਿਕ ਦੁਰਾਡੀ ਜਾਵੇ
ਜੋੜ ਦੇਵੇ ਮੁੜ ਸਖੀਆਂ
ਗਿੱਧਾ ਪਵੇ ਅਜਿਹਾ ਜਿਹਦੀ
ਧਮਕ ਸ਼ਾਹਾਂ ਦਿਆਂ ਤਖ਼ਤਾਂ
ਮੂੰਹੋਂ ਬੋਲ ਅਲਾਈਂ ਨਾ
ਨਹੀਂ ਤਾਂ ਪੈ ਜਾਊ ਉਲਟਾ ਪਾਸਾ
ਚਮੜੀ ਲੱਥ ਜੂਗੀ
ਐਵੇਂ ਜੱਗ ਦਾ ਬਣ ਜੂ ਹਾਸਾ

•



https://www.apnaorg.com

## ਮਰਿਆ ਹੋਇਆ ਦਿਨ

ਮਰਿਆ ਹੋਇਆ ਦਿਨ ਵੀ
ਦਿਨ ਹੁੰਦਾ ਹੈ
ਆਪਣੇ-ਆਪ ਸਿਆਪੇ ਕਰਦਾ
ਆਪਣਾ-ਆਪ ਧਰੂੰਹਦਾ ਹੈ
ਆਪਣੀ ਗੋਰ 'ਚ
ਆਪਣੇ-ਆਪ ਨੂੰ ਗੁਰਜਾਂ ਮਾਰੇ
ਆਪੇ ਬੁੱਕ-ਬੁੱਕ ਰੋਂਦਾ ਹੈ
ਰੋਹ ਪਛਾਤੇ ਰਾਹੀਂ ਤੁਰਦਾ
ਜਿਵੇਂ ਪੰਧ ਪਰਦੇਸਾਂ ਦੇ
ਆਵਣ-ਜਾਵਣ ਵਾਲ਼ਿਆਂ
ਬਿੱਟ-ਬਿੱਟ ਤਕਦਾ ਹੈ
ਇਹ ਤੇ ਆਪਣੇ ਹੀ ਘਰ ਅੰਦਰ



https://www.apnaorg.com

ਗ਼ੈਰਾਂ ਵਾਂਗੂੰ ਝਕਦਾ ਹੈ
ਇਸ ਨੂੰ ਫੁੱਲ ਕਪਾਹ ਦੇ
ਹਾਸੇ ਸੁਣਦੇ ਨਹੀਂ
ਗੰਦਲ਼ਾਂ ਵਰਗੇ ਜੁੱਸੇ
ਇਸ ਨੂੰ ਮੋਹਦੇ ਨਹੀਂ
ਸੁੱਕੇ ਟੁੱਕ ਜਿਹੇ ਦਿਨ ਖ਼ਾਲੀ
ਢਿੱਡੀਂ ਮੱਕੜ ਜਾਲ਼ੇ ਨੇ
ਮਰੇ ਹੋਏ ਦਿਨ
ਭਰਿਆਂ ਢਿੱਡਾਂ ਅੰਦਰ ਉਂਝ ਸੰਭਾਲ਼ੇ ਨੇ

•



https://www.apnaorg.com

## ਪਰਦੇਸ

ਸੱਜਣਾਂ ਟੁਰ ਪਰਦੇਸ ਗਿਉਂ
ਜਿੱਥੇ ਕਾਂ ਵੀ ਰੰਗ ਦੇ ਗੋਰੇ
ਗਿਰਝਾਂ ਵਾਂਗੂੰ ਮਾਸ ਖੁਸੇਂਦੇ
ਦੇਣ ਸੁਨੇਹੇ ਕੋਰੇ
ਗਲ਼ੀਆਂ ਦੇ ਵਿਚ ਕੱਖ ਵੀ ਨਾ
ਜਿੱਥੇ ਕਮਲ਼ੀ ਰੋਲ਼ੇ ਝੋਰੇ
ਆ ਮੁੜ ਵਤਨੀਂ ਤੇਰੇ ਬਿਨ
ਜਿੱਥੇ ਰਾਹ ਨੇ ਡੌਰੇ-ਭੌਰੇ

•



https://www.apnaorg.com

## ਪਠਾਣ ਖ਼ਾਂ ਦੀ ਵੇਲ

ਆ ਸੱਜਣ ਮੱਤ ਲੱਗ ਅਸਾਡੀ
ਤੂੰ ਤੇ ਵੇਚ ਕੇਲੇ ਦਿਨ ਅੰਬਾਂ

ਅੰਬ ਫੁਲੇਂਦੇ ਸਾਹਾਂ ਅੰਦਰ
ਕੇਲੇ ਭੂਲ ਨਾ ਕੰਮਾਂ
ਤੇਰੇ ਆਲ਼-ਦੁਆਲ਼ੇ ਬੇਲੇ
ਗ਼ੈਰ ਨੇ ਰੁੱਖਾਂ ਵੱਲਾਂ
ਆ ਬਹਿ ਛਾਵੇਂ ਜੰਡਾਂ ਦੇ
ਜਿੱਥੇ ਸੁਫ਼ਨਾ ਨਵਾਂ ਨਵੇਂਨਾਂ

•

ਪਠਾਣ ਖ਼ਾਂ ਦਾ ਇਕ ਮਸ਼ਹੂਰ ਦੋਹੜਾ:

ਆ ਸੱਜਣ ਮੱਤ ਲੱਗ ਅਸਾਡੀ
ਤੂੰ ਵੇਚ ਮੱਝੀਂ ਬਿਨ ਗਾਈਂ
ਮੱਝੀਆਂ ਮਿਲਦੀਆਂ ਕਦੀ-ਕਦਾਈਂ
ਗਾਈਂ ਮਿਲਦੀਆਂ ਸੈਂਗ ਸਭਾਈਂ



https://www.apnaorg.com

## ਪੀੜਾਂ

ਪੀੜਾਂ ਜਦੋਂ ਪਰਾਈਆਂ ਹੋਈਆਂ
ਪੱਖੀ ਬਾਸ ਨਿਆਣਿਆਂ ਵਾਂਗੂੰ
ਲੀਰਾਂ ਪਾ ਸਿਆਣੀਆਂ ਹੋਈਆਂ

ਪੀੜਾਂ ਜਦੋਂ ਸਿਆਪੇ ਗਈਆਂ
ਛੁੱਟੜਾਂ ਹੋ ਕੇ ਮਾਪੇ ਬਹੀਆਂ
ਚੁੱਪ ਦਾ ਬੁੱਤ ਕਹਾਣੀਆਂ ਹੋਈਆਂ

ਠੂਠਾ ਫੜ ਜਦ ਮੰਗਣ ਚੜ੍ਹੀਆਂ
ਕੰਨ ਪਾਟੇ ਗਲ਼ ਮੁੰਦਰਾਂ ਪਈਆਂ
ਘੁੰਡ ਵਿਚ ਪੀੜਾ ਰਾਣੀਆਂ ਹੋਈਆਂ

•



https://www.apnaorg.com